ਮਾਸਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਕਿਲ੍ਹਾ ਅਨੰਦਗੜ੍ਹ ਸਾਹਿਬ, ਸ੍ਰੀ ਅਨੰਦਪੁਰ

MAR 1991



ਮਾਰਚ ੧੯੯੧

ਕਲਗੀਧਰ ਜੀ ਦੇ ਅਰੰਭੇ 'ਹੋਲਾ ਮਹੱਲਾ' ਸਮਾਗਮ ਅਖੰਡ ਕੀਰਤਨ ਜਥਿਆਂ ਵਲੋਂ

ਗੁ: ਕਲਗੀਧਰ ਕੀਰਤਨ ਦਰਬਾਰ ਵਿਖੇ 28.2.91 ਤੋਂ 3.3.91 ਸਵੇਰ ਤਕ ਕੀਰਤਨ-ਰੰਗਾਂ ਵਿਚ ਮਾਣੋ ।

www.AKJ.Org

# ਤਤਕਰਾ


| | | |
|---|---|---|
| ਹੋਲੇ ਮਹੱਲੇ ਦਾ ਕਰਤਬ | ੩ | ਪਾਤਿਸ਼ਾਹੀ ੧੦ |
| ਗੁਰਮਤਿ 'ਸਚੁ' ਸਿਧਾਂਤ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 'ਕਾਹੇ ਕਉ ਕੀਜੈ ਧਿਆਨੁ ਜਪੰਨਾ' ? | ੧੧ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਸਿੱਖਾਂ ਨੂੰ ਸਿੱਖੀ ਦਾਨ | ੧੫ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ | ੧੮ | ਗਿਆਨੀ ਜੰਗ ਸਿੰਘ ਜੀ |
| ਆਦਿ ਗ੍ਰੰਥ ਦਾ ਹੁਕਮ ਪਛਾਣੇ ਬਿਨਾਂ ਪੰਜਾਬ ਸਮੱਸਿਆ ਦਾ ਕੋਈ ਹੱਲ ਨਹੀਂ | ੨੦ | ਸ: ਅਮਰਜੀਤ ਸਿੰਘ ਜੀ |
| ਕਲਗੀਧਰ ਜੀ ਨਾਲ ਪਹਾੜੀ ਰਾਜਿਆਂ ਦੀਆਂ ਲੜਾਈਆਂ (੪) | ੨੩ | ਪ੍ਰੋਫੈਸਰ ਸਾਹਿਬ ਸਿੰਘ ਜੀ |
| ਕਸ਼ਟ-ਨਵਿਰਤੀ ਲਈ ਅਰਦਾਸਾ | ੨੬ | ਭ: ਸ: ਭਾਈ ਰਣਧੀਰ ਸਿੰਘ ਜੀ |
| ਖਾਲਸੇ ਦੀ ਚੜ੍ਹਦੀ ਕਲਾ ਕਿਵੇਂ ਹੋਵੇ ? | ੨੭ | ਭਾਈ ਨਰੈਣ ਸਿੰਘ ਜੀ ਐਮ.ਏ. |
| ਮਰ ਨਹੀਂ ਸਕਦੇ ਐਸੇ ਬੰਦੇ (ਕਵਿਤਾ), ੮ ਰੁਬਾਈਆਂ | ੨੯ | ਸ: ਅਤਰ ਸਿੰਘ ਜੀ ਨੀਰ |
| ਭਾਈ ਆਦਮ | ੩੧ | ਗਿਆਨੀ ਹਰਿਬੰਸ ਸਿੰਘ ਜੀ |
| ਜਗਤੁ ਜਲੰਦਾ ਰਖਿ ਲੈ | ੩੨ | — — — |
| ਮਾਡਲ ਟੈਸਟ ਪੇਪਰ 'ਆਸਾ ਦੀ ਵਾਰ' | ੩੩ | ਗੁਰਬਾਣੀ ਥਰੈਪੀ ਟ੍ਰਸਟ |


| | | | |
|---|---|---|---|
| ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਿਆਈ | ੧੪ ਮਾਰਚ | ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ | ੧੭ ਮਾਰਚ |
| ਸ੍ਰੀ ਗੁਰੂ ਅੰਗਦ ਸਾਹਿਬ ਜੀ ਜੋਤੀ ਜੋਤਿ | ੨੦ ਮਾਰਚ | ਸ੍ਰੀ ਗੁਰੂ ਹਰਿਗੋਬਿੰਦ ਜੀ ਜੋਤੀ ਜੋਤਿ | ੨੦ ਮਾਰਚ |
| ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਿਆਈ | ੨੮ ਮਾਰਚ | ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋਤੀ ਜੋਤਿ | ੨੮ ਮਾਰਚ |

ਨੋਟ—ਕੈਪਟਿਨ ਸਵਰਨ ਸਿੰਘ ਜੀ ਦੇ ਇਤਿਹਾਸਕ ਲੇਖ ਦੀ ੧੬ਵੀਂ ਕਿਸ਼ਤ ਲੇਟ ਮਿਲਣ ਕਾਰਨ ਨਹੀਂ ਛਪ ਸਕੀ

## 'ਸੂਰਾ' ਦੇ ਚੰਦੇ ਤੇ ਬਕਾਏ ਅਮਾਨਤੀ ਲਾਈਫ ਮੈਂਬਰ ਦੇ ਕੇ ਰਸੀਦ ਲਓ

੧. ਲੁਧਿਆਣਾ —ਗਿਆਨੀ ਅਜੀਤ ਸਿੰਘ ਜੀ, ਵਿਯੋਗੀ ਨਿਕੇਤਨ, ਗਲੀ ਨੰਬਰ ੭, ਫੀਲਡ ਗੰਜ

੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯—ਇੰਦਰਪੁਰੀ ਕਾਲੋਨੀ, ਸਰਹੰਦ ਰੋਡ

੩. ਜਲੰਧਰ— ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੋਕ ਪੰਜ ਪੀਰ

੪. ਹੁਸ਼ਿਆਰਪੁਰ —ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੫. ਚੰਡੀਗੜ੍ਹ ਤੇ ਮੋਹਾਲੀ —ਭਾਈ ਫੋਜਿੰਦਰ ਸਿੰਘ, ਪ੩੨/੩-ਏ ਫੇਜ਼, ਐਸ.ਏ.ਐਸ. ਨਗਰ, ਮੋਹਾਲੀ

੬. ਜ਼ਿਲਾ ਸੰਗਰੂਰ --ਪਿੰਡ ਠੋਹੀੜਾ (ਕੁਪ ਘਲੂਘਾਰਾ) ਭਾਈ ਦਰਸ਼ਨ ਸਿੰਘ ਜੀ ਦਰਸ

੭. ਫਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ਪ-ਡੀ/ਪਪ, (੧੨੧੦੦੧)

੮. ਦਿੱਲੀ – ਭਾਈ ਹਰਦਿਤ ਸਿੰਘ ਜੀ, ਏ-੩ਪ, ਫਤਹ ਨਗਰ

੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫੀਰੋਜ਼ਪੁਰ ਸ਼ਹਿਰ

੧੦. ਅੰਮ੍ਰਿਤਸਰ— ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ 45787 ਘਰ 52206

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦—ਦਸਮੇਸ਼ ਕਲਾਥ ਮਾਰਕੀਟ,ਅਜੀਤ ਨਗਰ, ਅੰਮ੍ਰਿਤਸਰ ਤੋਂ ੧-੩-੯੧ ਨੂੰ ਪ੍ਰਕਾਸ਼ਤ ਕੀਤਾ ।

www.AKJ.Org

# ਸੂਰਾ

ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਕ ~ ਸ੍ਰੀ ਅੰਮ੍ਰਿਤਸਰ ~ ਪੱਤਰ

ਸਾਲਾਨਾ ਚੰਦਾ
ਦੇਸ 20-00
ਇਕ ਪਰਚਾ 2-00
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ 50-00
ਹਵਾਈ ਡਾਕ 150-00
Foreign Subscription
Sea Mail 50-00
Air Mail 150 00
ਅਮਾਨਤੀ
ਲਾਈਫ਼ ਮੈਂਬਰ
ਦੇਸ 200-00
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ 800-00
ਹਵਾਈ ਡਾਕ 1500-00

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੫ ਮਾਰਚ ੧੯੯੧ ਅੰਕ ੩


## ਹੋਲੇ ਮਹੱਲੇ ਦਾ ਕਰਤਬ

ਅਸ· ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ ॥ ਸੈਫ ਸਰੋਹੀ ਸੈਹਥੀ, ਯਹੈ ਹਮਾਰੇ ਪੀਰ ॥੩॥
ਤੀਰ ਤੁਹੀਂ, ਸੈਥੀ ਤੁਹੀਂ, ਤੁਹੀਂ ਤਬਰ ਤਰਵਾਰ ॥ ਨਾਮ ਤਿਹਾਰੋ ਜੋ ਜਪੈ, ਭਏ ਸਿੰਧ ਭਵ ਪਾਰ ॥੪॥
ਕਾਲ ਤੁਹੀਂ, ਕਾਲੀ ਤੁਹੀਂ, ਤੁਹੀਂ ਤੇਗ ਅਰ ਤੀਰ ॥ ਤੁਹੀਂ ਨਿਸ਼ਾਨੀ ਜੀਤ ਕੀ, ਆਜ ਤੁਹੀਂ ਜਗ ਬੀਰ ॥੫॥

[ਸ਼ਸ਼ਤ੍ਰ ਨਾਮ ਮਾਲਾ, ਪਾ: ੧੦

ਖਗ-ਖੰਡ ਬਿਹੰਡੰ, ਖਲ ਦਲ ਖੰਡੰ, ਅਤਿ ਰਣ ਮੰਡੰ, ਬਰਬੰਡੰ ॥
ਭੁਜਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨ ਪ੍ਰਭੰ ॥
**ਸੁਖ ਸੰਤਾ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ ਅਸ ਸਰਣੰ ॥**
**ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ, ਮਮ ਪ੍ਰਤਿਪਾਰਣ ਜੈ ਤੇਗੰ ॥੨॥**

(ਬਚਿੱਤ੍ਰ ਨਾਟਕ, ਪਾ: ੧੦

ਅਕਾਲ ਪੁਰਖ ਕੀ ਰਛਾ ਹਮ ਨੈ ॥ ਸਰਬ ਲੋਹ ਦੀ ਰਛਿਆਂ ਹਮ ਨੈ ॥
ਸਰਬ ਕਾਲ ਜੀ ਦੀ ਰਛਿਆ ਹਮ ਨੈ ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮ ਨੈ ॥

[ਅਕਾਲ ਉਸਤਤਿ, ਅਰੰਭ


www.AKJ.Org

# ਗੁਰਮਤਿ 'ਸਚੁ' ਸਿਧਾਂਤ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

**'ਸਚੁ' ਦਾ ਸਿਖਰਲਾ ਸਿਧਾਂਤ :-**

ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ ॥ ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ ॥
ਕਰਤੇ ਹਥਿ ਵਡਿਆਈਆ ਪੂਰਬਿ ਲਿਖਿਆ ਪਾਇ ॥੩॥
ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ ॥ ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ ॥
ਸਰਬ ਨਿਰੰਤਰਿ ਰਵਿ ਰਹਿਆ ਜਪਿ ਨਾਨਕ ਜੀਵੈ ਏਕ ॥੪॥੨੮॥੯੮॥

ਸਿਰੀ ਰਾਗੁ ਮਹਲਾ ੫, ਪੰਨਾ ੫੨

**ਸਤਿਗੁਰੂ** ਦੇ ਮਿਲਿਆਂ ਹੀ ਸਚੁ ਮਿਲਦਾ ਹੈ। ਸੇਈ ਜਨ ਜਗ ਵਿਚਿ ਆਏ ਪਰਵਾਨ ਹਨ, ਜਿਨ੍ਹਾਂ ਨੂੰ **ਭਾਇ ਸੁਭਾਇ** ਸਤਿਗੁਰੂ ਦਾ ਮਿਲਾਪ ਹੋਇਆ ਹੈ। ਸਤਿਗੁਰੂ ਦੇ ਮਿਲਿਆਂ 'ਸਚੁ' ਦੀ ਸੂਝ ਪੈਂਦੀ ਹੈ। ਸੂਝ ਹੀ ਨਹੀਂ **ਪੈਂਦੀ, 'ਸਚੁ'** ਦੇ ਸਰੂਪ ਵਿਚਿ ਸਮਾ ਜਾਈਦਾ ਹੈ। ਪਰਮ 'ਸਚੁ', ਸਰਬੋਤਮ 'ਸਚੁ', ਸਚੇ ਵਾਹਿਗੁਰੂ ਦੇ ਰੰਗਾਂ ਵਿਚਿ **ਰੰਗੇ ਜਾਈਦਾ** ਹੈ ਅਤੇ ਸਚੇ ਸੇ੍ਤੀ ਰਤਿਆਂ ਹੀ ਸੱਚੀ ਦਰਗਾਹ ਵਿਚਿ ਬੈਠਣ ਦੀ ਜਾਇ (ਜਗ੍ਹਾ) ਮਿਲਦੀ ਹੈ। **ਏਹ ਸਭ ਵਡਿਆਈਆਂ** ਕਰਤੇ ਹਥਿ ਹਨ। ਪੂਰਬ ਲਿਖਤ ਅਨੁਸਾਰ ਹੀ ਇਹ ਮਰਤਬਾ ਪਾਈਦਾ ਹੈ। ਸਚੁ ਹੀ **ਕਰਤਾ ਹੈ, ਸਚੁ** ਹੀ ਕਰਨਹਾਰ ਹੈ, ਸਚੁ ਹੀ ਸਾਹਿਬ ਹੈ, ਸਚੁ ਹੀ ਟੇਕ ਆਧਾਰ, ਆਸਰਾ ਰੂਪ ਹੈ। ਗੁਰਮਤਿ **ਨਾਮ ਜਪਦਿਆਂ** ਹੀ ਸਚੋ ਸਚੁ ਵਖਾਣੀਦਾ ਹੈ। ਅਰਥਾਤ, ਗੁਰਮਤਿ ਨਾਮੁ ਜਪਣਾ ਹੀ ਸਚੁ ਵਖਾਨਣਾ ਹੈ। **ਨਾਮੁ ਰੂਪੀ 'ਸਚੁ'** ਦੀ ਜਾਪ ਅਭਿਆਸ ਕਮਾਈ ਕਰਨੀ ਏਹੋ ਸੱਚਾ ਬੁਧਿ ਬਿਬੇਕੁ ਹੈ। ਏਹ ਸਚੁ ਹੀ ਸਰਬ ਨਿ੍ਤਰਿ **ਰਵਿ ਰਹਿਆ** ਹੈ। ਇਸੇ ਕਰਕੇ ਸਚੁ ਨੂੰ ਹੀ ਜਪ ਜਪ ਕੇ ਗੁਰੂ ਨਾਨਕ ਨਿਰੰਕਾਰੀਏ ਜਨ ਜੀਵੰਦੇ ਹਨ। ਸਚ੍ਹਾ **ਜੀਵਨ-ਆਧਾਰ** ਏਹੀ ਗੁਰਮਤਿ ਸਿਧਾਂਤ 'ਸਚੁ' ਹੈ।

ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥ ਮਨ ਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥ ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥ ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥ ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥ ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥ ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥ ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥ ਜਿਉ ਜਿਉ ਸਾਹਿਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥ ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥ ਜਿਨਿ ਇਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥ ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥ ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥ ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥ ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥ ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥

ਸਿਰੀ ਰਾਗੁ ਮਹਲਾ ੧, ਪੰਨਾ ੨੦

**ਇਸ** ਸੰਸਾਰ ਰੂਪੀ ਸਾਗਰ ਵਿਖੇ ਪੂਰਾਂ ਦੇ ਪੂਰ ਹੰਕਾਰ ਲੱਦੇ ਆਉਂਦੇ ਹਨ ਤੇ ਹੰਕਾਰ ਭਰੇ ਜਾਂਦੇ ਹਨ। **ਅਨੇਕਾਂ ਆਉਂਦੇ** ਹਨ, ਅਨੇਕਾਂ ਜਾਂਦੇ ਹਨ। ਮਨ ਹਠ ਮਨ ਦੀਆਂ ਮਤਾਂ ਕਰਕੇ ਮੰਝਧਾਰ ਵਿਖੇ ਹੀ ਡੁਬ ਜਾਂਦੇ **ਹਨ। ਗੁਰੂ** ਨਾਨਕ ਸਾਹਿਬ ਨੇ 'ਸਚੁ' ਦੀ ਬੇੜੀ, ਸੱਚ ਨਾਮ ਦੀ ਬੇੜੀ ਇਸ ਭਵਜਲ ਤੋਂ ਤਾਰਨ ਲਈ ਧੁਰ ਅਰਸ਼ਾਂ **ਕੁਰਸਾਂ ਤੋਂ** ਲਿਆਂਦੀ। ਸੋ ਜਿਨ੍ਹਾਂ ਨੇ ਮਨ ਦੀ ਮਤਿ ਤਿਆਗ ਕੇ ਗੁਰੂ ਦੀ ਮਤਿ ਲਈ ਅਤੇ ਸਚੁ ਰੂਪੀ ਗੁਰਮੰਤ੍ਰ **ਦੀਖਿਆ ਲਈ,** ਸੋ ਗੁਰਮੁਖ ਜਨ ਸਚੁ ਨਾਮੁ ਕਮਾਈਆਂ ਕਰ ਕੇ ਤਰ ਗਏ ਅਤੇ ਇਸ ਭਵਜਲੋਂ ਪਾਰ ਪਏ।



www.AKJ.Org

ਗੁਰੂ ਬਿਨਾਂ, ਬਿਨ ਗੁਰੂ ਧਾਰਨ ਕੀਤਿਆਂ, ਇਸ ਭਵ-ਸਾਗਰ ਤੋਂ ਕਿਸ ਤਰ੍ਹਾਂ ਤਰਿਆ ਜਾ ਸਕਦਾ ਹੈ ? ਕਿਵੇਂ ਭੀ ਨਹੀਂ ਤਰਿਆ ਜਾ ਸਕਦਾ, ਨਾ ਹੀ ਗੁਰੂ ਬਿਨਾ ਸਚਾ ਸੁਖ ਮਿਲ ਸਕਦਾ ਹੈ। ਤਾਂ ਤੇ ਗੁਰੂ ਪ੍ਰਾਇਣ ਹੀ ਹੋ ਰਹਿਣਾ ਅਤੇ ਗੁਰੂ ਪਰਣੇ ਹੋਇ, ਗੁਰ ਭਾਣੇ ਅੰਦਰਿ ਦਰਸਾਈ ਸੱਚੀ ਗੁਰੂ ਕਾਰ ਕਮਾਵਣ ਵਿਚਿ ਹੀ ਸੱਚਾ ਸੁਖੁ ਹੈ.। ਸਤਿਗੁਰੂ ਬਾਝੋਂ ਅਵਰ ਦੂਜਾ ਕੋਈ ਭੀ ਸੁਖਦਾਤਾ ਨਹੀਂ। ਨਾ ਹੀ ਕੋਈ ਹੋਰ ਭਵਜਲ-ਤਾਰਕ ਹੈ। ਨਾ ਹੀ ਮਨ ਦੀ ਮਤਿ ਸਿਆਣਪ ਚਤੁਰਾਈ ਹੀ ਸਹਾਈ ਹੋ ਸਕਦੀ ਹੈ ।ਰਹਾਉ।

ਪਿਛੇ ਨਜ਼ਰ ਮਾਰੀਦੀ ਹੈ ਤਾਂ ਹਰੀਆਂ ਅੰਗੂਰੀਆਂ ਉਗਵ ਰਹੀਆਂ ਹਨ, ਅਗੇ ਨਜ਼ਰ ਮਾਰਿਆਂ ਓਹੀ ਹਰੀਆਂ ਅੰਗੂਰੀਆਂ ਡਵ (ਅੱਗ) ਨਾਲਿ ਦਧੀਆਂ ਸੁਆਹ ਹੋ ਜਾਂਦੀਆਂ ਦਿਸਦੀਆਂ ਹਨ। ਜਿਥੋਂ ਉਪਜਦੀਆਂ ਹਨ ਤਿਥੇ ਹੀ ਬਿਨਸ ਜਾਂਦੀਆਂ ਹਨ। ਘਟ ਘਟ ਅੰਦਰ ਸਚੁ ਭਰਪੂਰ ਹੈ। ਸਚੁ ਸਰੂਪ ਸੱਚਾ ਵਾਹਿਗੁਰੂ ਘਟਿ ਘਟਿ ਭਰਪੂਰ ਹੁੰਦਾ ਹੋਇਆ ਭੀ ਕਿਸੇ ਨੂੰ ਨਹੀਂ ਦਿਸਦਾ। ਜਿਨ੍ਹਾਂ ਉਤੇ ਨਦਰ ਕਰੰਮੀ ਮੇਹਰ ਹੁੰਦੀ ਹੈ, ਤਿਨ੍ਹਾਂ ਨੂੰ ਗੁਰਪ੍ਰਸਾਦੀ ਸੱਚਾ ਸਾਹਿਬੁ ਆਪੇ ਹੀ ਆਪਣੇ 'ਸਚੁ' ਸਰੂਪ ਵਿਖੇ ਮੇਲ ਕੇ ਮਿਲਾਈ ਰਖਦਾ ਹੈ।

ਓਹ ਸਦਾ ਸਚੇ ਮਹਲ ਦੀ ਹਜ਼ੂਰੀ ਵਿਖੇ ਹੀ ਰਹਿੰਦੇ ਹਨ ਅਤੇ ਜੋਤੀ ਸਰੂਪ 'ਸਚੁ' ਜੋਤੀਸ਼ ਵਾਹਿਗੁਰੂ ਦਾ ਪਰਤੱਖ ਦਰਸ਼ਨ ਕਰਦੇ ਹਨ। ਉਹ ਜੋਤੀਸ਼ ਵਾਹਿਗੁਰੂ ਦੇ 'ਸਚੁ' ਬਿਮਲ ਸਰੂਪ ਨੂੰ ਸਨਮੁਖ ਪੇਖਿ ਪੇਖਿ ਅਤੇ ਬਿਸਮ ਹੋਇ ਹੋਇ ਵਾਹਿ ਵਾਹਿ ਕਰਿ ਪਰਕਾਸ਼ ਰੂਪ ਸਚੁ (ਵਾਹਿਗੁਰੂ) ਨੂੰ ਸੁਆਸਿ ਸੁਆਸਿ ਵਿਰਦ ਅਭਿਆਸ ਦੁਆਰਾ ਸੰਮਾਲ ਕੇ ਸਾਲਾਹੁੰਦੇ ਹਨ ਅਤੇ ਸਲਾਹੁੰਦੇ ਰਜਦੇ ਨਹੀਂ, ਅਰਥਾਤ ਸਾਲਾਹੁਣੋਂ ਕਦੇ ਹਟਦੇ ਨਹੀਂ, ਸਿਫਤਿ ਸਾਲਾਹ ਨੂੰ ਕਦੇ ਵਿਸਾਰਦੇ ਨਹੀਂ। ਸੁਆਲਿਉ ਸਰੂਪ 'ਸਚੁ' ਦੀ ਸਿਫ਼ਤ ਕਰਨ ਵਿਚਿ ਮਸਤ ਮਖ਼ਮੂਰ ਰਹਿੰਦੇ ਹਨ। ਜਿਉਂ ਜਿਉਂ ਸਚੁ ਸੁਆਲਿਉ ਸਰੂਪ ਵਾਹਿਗੁਰੂ ਸਿਫਤਿ ਸਾਲਾਹ ਕਰਦਿਆਂ ਕਰਦਿਆਂ ਤਿਨ੍ਹਾਂ ਦੇ ਮਨ ਅੰਦਰਿ ਵਸਦਾ ਰਸਦਾ ਹੈ, ਤਿਉਂ ਤਿਉਂ ਗੁਰਮੁਖ ਜਨ ਹੋਰ ਤੋਂ ਹੋਰ ਬਿਸਮਾਦ ਅਹਿਲਾਦ ਸੁਆਦ ਵਾਲੇ ਅੰਮ੍ਰਿਤ ਦੇ ਗਟਾਕ ਅੰਤਰਿ-ਆਤਮੇ ਪੀਂਦੇ ਹਨ। ਅਤੇ ਪੀ ਪੀ ਹੋਰ ਬਿਸਮਾਦ ਥੀਂਦੇ ਹਨ। ਮਨ ਤਨ ਧਨ ਸਰਬੰਸ ਸਚੇ ਧਣੀ ਵਿਟਹੁ ਵਾਰ ਕੇ, ਇਉਂ ਆਪਾ ਨਿਵਾਰ ਕੇ ਸੱਚ ਸਮਾਉਣੀ ਜੋਤੀ ਜੋਤਿ ਵਿਚਿ ਇਕਿ ਮਿਕਿ ਹੋ ਕੇ ਸਮਾ ਜਾਂਦੇ (ਲੀਨ ਹੋ ਜਾਂਦੇ) ਹਨ।

ਜਿਸ 'ਸਚੁ' ਜੋਤਿ ਸਮੇਉ ਸਰੂਪ ਜੋਤੀਸ਼ ਵਾਹਿਗੁਰੂ ਨੇ ਤ੍ਰਿਭਵਣ ਆਕਾਰੁ ਕਰ ਕੇ ਇਸ ਜਗਤ ਨੂੰ ਉਪਾਇਆ ਹੈ, ਗੁਰਮੁਖਾਂ ਨੂੰ ਤਾਂ ਉਹ ਸਚੁ ਚਾਨਣ-ਮੁਨਾਰੇ ਦੀ ਨਿਆਈਂ ਸਾਕਸ਼ਾਤ ਦਿਸਦਾ ਹੈ। ਮਨਮੁਖ ਮੁਗਧ ਗਵਾਰਾਂ ਨੂੰ ਇਸ 'ਸਚੁ' ਵਲੋਂ ਹਨੇਰ ਗੁਬਾਰ ਘੋਰ ਅੰਧਾਰ ਹੀ ਰਹਿੰਦਾ ਹੈ। ਘਟਿ ਘਟਿ ਜੋਤਿ ਨਿਰੰਤਰੀ ਗੁਰਮੁਖ ਜਨ ਹੀ ਇਸ ਤੱਤ ਸਾਰ ਬੂਤੀ 'ਸਚੁ' ਨੂੰ ਗੁਰਮਤਿ ਦੇ ਸਚੇ ਚਾਨਣੇ ਦੁਆਰਾ ਪਰਤੱਖ ਲਖਦੇ ਹਨ।

ਇਸ ਬਿਧਿ ਜਿਨ੍ਹਾਂ ਗੁਰਮੁਖਾਂ ਨੇ 'ਸਚੁ' ਨੂੰ ਪਰਤੱਖ ਲਖਿਆ ਹੈ, ਤਿਨ੍ਹਾਂ ਨੂੰ ਹੀ ਸੱਚੀ ਦਰਗਾਹੇ ਸੱਚੇ ਸਾਹਿਬ ਵਲੋਂ ਸੱਚੀ ਸ਼ਾਬਾਸ਼-ਮਈ ਥਾਪਣਾ ਮਿਲਦੀ ਹੈ। ਓਹ ਗੁਰਮੁਖ ਜਨ ਸੱਚੇ ਜੋਤੀਸ਼ ਵਾਹਿਗੁਰੂ ਸੇਤੀ ਜੋਤਿ ਕਰਕੇ ਘੁਲ ਮਿਲ ਘਿੱਚ ਹੋਇ ਰਲ ਮਿਲ ਜਾਂਦੇ ਹਨ। ਪਰ ਓਹਨਾਂ ਦੇ ਸੱਚੇ ਦਿੱਬ ਜੋਤਿ ਅੰਸ ਗੁਣੀ ਵਜੂਦ, ਨਿਰਾਲੀ (ਵਖਰੀ) ਜੋਤਿ ਜਗਮਗੀ ਆਭਾ ਭੀ ਮਾਰਦੇ ਰਹਿੰਦੇ ਹਨ। ਓਹਨਾਂ ਦਾ ਜੋਤਿ ਪ੍ਰਕਾਸ਼ੀਆ ਜੀਉ ਪਿੰਡ ਨਾਮ ਸੰਤੋਖੀਆ ਹੋਇ ਕੇ 'ਨਾਮੁ' ਵਾਹਿਗੁਰੂ ਦੀ ਸਮੀਪਤਾ ਵਿਚਿ ਹੀ ਸਮਾਇਆ ਰਹਿੰਦਾ ਹੈ।

ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ॥ ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥
ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ ਸਾਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥
ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥ ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗਣ ਕਢਾ ਧੋਇ ॥
ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ ॥ ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ ॥
੪॥੨੭॥੬੦॥ ਸਿਰੀ ਰਾਗੁ ਮਹਲਾ ੩, ਪੰਨਾ ੩੭

ਜਿਸ ਬੇਅੰਤ 'ਸਚੁ' ਦਾ ਅੰਤ ਪਾਰਾਵਾਰ ਨਹੀਂ ਪਾਇਆ ਜਾ ਸਕਦਾ, ਸੋਈ ਸਚੁ ਕੇਵਲ ਗੁਰਮਤੀ

ਸਾਲਾਹਿਆ ਜਾ ਸਕਦਾ ਹੈ। ਗੁਰਮਤਿ ਅੰਦਰਿ ਜੋ ਹੁਕਮਾਂ ਸਿਰ ਹੁਕਮ ਹੈ ਸੋ ਏਕੋ ਨਾਮੁ ਹੈ । ਤਿਸੁ ਗੁਰਮਤਿ 'ਨਾਮੁ' ਦੀ ਅਭਿਆਸ ਕਮਾਈ ਦੁਆਰਾ ਸੋ ਅਪਰ ਅਪਾਰ ਬੇਅੰਤੁ ਸਚੁ ਗੁਰਮੁਖਾਂ ਦੇ ਘਟ ਅੰਦਰ ਆਪੇ ਆ ਵਸਦਾ ਹੈ, ਘਟਿ ਆਇ ਵਸੇ ਸਚੁ ਨੂੰ ਫੇਰ ਗੁਰਸ਼ਬਦੀ ਸਦਾ ਸਦਾ ਸਾਲਾਹਿਆ ਜਾਂਦਾ ਹੈ, ਜਿਸ ਸਾਲਾਹਣ ਕਰਕੇ ਹਉਮੈ ਉੱਕੀ ਹੀ ਵਿਚਹੁ ਖੋਈ ਜਾਂਦੀ ਹੈ । ਇਸ ਸਚੋਂ ਸਖਣੀਆਂ, ਨਾਮੋਂ ਸੁੰਞੀਆਂ ਅਵਗੁਣਵੰਤੀਆਂ ਦੋਹਾਗਣੀਆਂ ਆਪਣੇ ਕਰਮਾਂ ਨੂੰ ਪਈਆਂ ਰੋਂਦੀਆਂ ਹਨ । ਵਡਭਾਗਣੀਆਂ ਹੀ ਸਚੁ ਸਾਲਾਹੁੰਦੀਆਂ ਹਨ ਅਤੇ 'ਸਚੁ' ਸਿਫਤਿ ਸਾਲਾਹ ਨੂੰ ਹੀ ਲਗੀਆਂ ਰਹਿੰਦੀਆਂ ਹਨ । ਤਿਨ੍ਹਾਂ ਨੂੰ ਸਚੁ ਸਿਫਤ ਵਿਚਿ ਲਗੇ ਰਹਿਣ ਵਿਚਿ ਹੀ ਸੱਚੀ ਤ੍ਰਿਪਤੀ ਹੈ । ਗੁਰਮਤਿ ਗੁਣਾਂ ਨੂੰ ਵੀਚਾਰ ਕੇ ਸੰਗ੍ਰਹਿਨ ਕਰਿ ਕਰਿ ਅਵਗੁਣਾਂ ਨੂੰ ਵਿਚਹੁ ਧੋਇ ਕਢੀਦਾ ਹੈ। ਇਉਂ ਸੱਚਾ ਸਾਹਿਬ ਤਿਨ੍ਹਾਂ ਨੂੰ ਆਪਣੇ ਸਚੁ ਸਰੂਪ ਵਿਖੇ ਆਪ ਮਿਲਾਇ ਲੈਂਦਾ ਹੈ ਅਤੇ ਮੇਲਾਇ ਕੈ ਫੇਰ ਮੇਲਾਈ ਹੀ ਰਖਦਾ ਹੈ,ਵਿਛੜਾ ਫੇਰ ਕਦੇ ਨਹੀਂ ਹੁੰਦਾ । ਗੁਰਮਤਿ ਨਾਮ ਵਾਹਿਗੁਰੂ ਨੂੰ ਸਾਲਾਹਿਆਂ ਹੀ ਸਚੁ ਸਰੂਪ ਜੋਤੀਸ਼ ਪ੍ਰਭੂ ਨੂੰ ਪਾਈਦਾ ਹੈ ।

> ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ ਭੂਮਿ ਦਾਨ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥ ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ **ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥੧੪॥**

ਸਿਰੀ ਰਾਗ ਮਹਲਾ ੧ ਅਸਟਪਦੀਆ, ਪੰਨਾ ੬੨

ਭਾਵੇਂ ਕਿਤਨੇ ਹੀ ਬਹੁ-ਮੁਲੇ ਹਾਥੀ ਘੋੜੇ ਅਣਗਿਣਤ ਹੀ ਦਾਨ ਵਿਚਿ ਦਿਤੇ ਜਾਣ, ਸੋਨੇ ਦੇ ਉਸਾਰੇ ਹੋਏ ਗੜ੍ਹ ਕਿਲ੍ਹੇ ਭੀ ਭਾਵੇਂ ਦਾਨ ਪੁੰਨ ਕੀਤੇ ਜਾਣ ਅਤੇ ਘਣੀਆਂ ਗਊਆਂ ਤੇ ਜ਼ਮੀਨਾਂ ਭੂਮੀਆਂ ਭੀ ਸਮੁਚੀਆਂ ਦਾਨ ਵਿਚਿ ਦੇ ਦਿਤੀਆਂ ਜਾਣ, ਅਰਪਨ ਕਰੀਆਂ ਜਾਣ, ਏਹ ਸਭ ਕੁਛ ਦਾਨ ਕੀਤਾ ਹੋਇਆ ਕਿਸੇ ਲੇਖੇ ਭੀ ਨਹੀਂ ਪੈਂਦਾ । ਸਗੋਂ ਦਾਨ ਕਰਨਹਾਰੇ ਦੇ ਮਨ ਨੂੰ ਉਲਟਾ ਗਰਬ ਗੁਮਾਨ ਅਹੰਕਾਰ ਅਭਿਮਾਨ ਦੇ ਭਾਰ ਅਫਾਰ ਨਾਲਿ ਹੀ ਲੱਦ ਦਿੰਦਾ ਹੈ । ਸਤਿਗੁਰੂ ਦਾ ਬਖ਼ਸ਼ਿਆ ਹੋਇਆ ਸਚੁ ਰੂਪੀ ਨਾਮ ਗੁਰ ਮੰਤ੍ਰ ਦੀਖਿਆ ਦਾਨ ਹੀ ਸੁਲੇਖੇ ਪੈਂਦਾ ਹੈ । ਕਿਉਂਕਿ ਇਸ ਨਾਮ ਰੂਪੀ ਸਚੁ ਸੇਤੀ ਹੀ ਮਨੁ ਸੰਤੋਖਿਆ ਜਾਂਦਾ ਹੈ । ਰਸ ਜੋਤਿ ਲਿਵ ਬੇਧਨਾ ਵਿਚ ਬੇਧਿਆ ਜਾਂਦਾ ਹੈ । ਤੇ ਸੱਚੇ ਵਾਹਿਗੁਰੂ ਨਾਲਿ ਜੁੜ ਜਾਂਦਾ ਹੈ ।

ਗੁਰਮਤਿ ਮਤਿ ਵਿਹੂਣੀਆਂ ਹੋਰ ਹੋਰ ਮਨ ਦੀ ਮਤਿ ਵਾਲੀਆਂ ਮਨ ਹਠ ਬੁਧੀਆਂ, ਮਨਮਤੀ ਫ਼ਿਲਾਸਫਰਾਂ ਦੀਆਂ ਕੇਤੀਆਂ ਹਨ ਅਤੇ ਕਤੇ ਹੀ ਬੇਦ ਬੀਚਾਰ ਫ਼ਲਸਫ਼ੇ ਹਨ, ਪਰ ਜੇਤੇ ਭੀ ਏਹ ਹਨ ਸਭ ਜੀਅ ਕੇ ਬੰਧਨ ਹੀ ਹਨ । ਕੇਵਲ ਗੁਰਮਤਿ ਹੀ ਗੁਰਮੁਖਾਂ ਨੂੰ ਮੋਖ ਦੁਆਰ ਕਰਾਉਣ ਨੂੰ ਸਮਰੱਥ ਹੈ । ਕਿਉਂਕਿ ਕੇਵਲ ਗੁਰਮਤਿ ਹੀ ਸਚੁ ਨੂੰ ਦ੍ਰਿੜ੍ਹਾਉਂਦੀ ਹੈ, ਸਚੁ ਨੂੰ ਲਖਾਉਂਦੀ ਹੈ ਅਤੇ ਨਿਹਚੈ ਕਰਾਉਂਦੀ ਹੈ ਕਿ ਸਚੁ ਪਦਾਰਥ ਕੇਵਲ ਨਾਮੁ ਹੀ ਹੈ । ਨਾਮ ਦੁਆਰਾ ਹੀ ਮੋਖ ਦੁਆਰ ਮਿਲ ਸਕਦਾ ਹੈ । **ਤਾਂ ਤੇ ਇਹ ਗੁਰਮਤਿ ਨਾਮੁ ਰੂਪੀ ਸਚੁ ਹੀ ਸਾਰਿਆਂ ਕਰਮਾਂ ਸਿਰ ਸੱਚਾ ਕਰਮ, ਸਾਰਿਆਂ ਧਰਮਾਂ ਤੋਂ ਸ੍ਰੇਸ਼ਟ ਧਰਮ ਹੈ । ਇਸ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ 'ਸਚੁ' ਆਚਾਰ ਤੋਂ ਸਾਰੇ ਅਨਮਤ ਕਰਮ ਕਰਤੂਤੀ ਵੀਚਾਰ ਆਚਾਰ ਹਿਠਾਹਾਂ ਉਰੇਡੇ ਹੀ ਰਹਿ ਜਾਂਦੇ ਹਨ । ਸਭ ਤੋਂ ਉਪਰ ਇਹ ਗੁਰਮਤਿ ਨਾਮ ਰੂਪੀ ਸਚੁ ਆਚਾਰ ਹੀ ਹੈ । ਅਨਮਤ ਫ਼ਿਲਾਸਫੀ ਫ਼ਿਲਾਸਫ਼ਾਇ ਸਚੁ ਦੇ ਆਦਰਸ਼ ਸਭ ਊਰੇ ਹੋਛੇ ਹੀ ਹਨ । ਗੁਰਮਤਿ 'ਸਚੁ' ਸਿਧਾਂਤੀ ਆਦਰਸ਼ ਸਭ ਸਚ ਅਚਾਰਾਂ ਤੋਂ ਊਚਾ ਸੂਚਾ, ਸਭ ਤੋਂ ਸਿਰ-ਕਢਵਾਂ ਵਿਲੱਖਣ ਸਚਾਈ ਵਾਲਾ ਆਦਰਸ਼ ਹੈ । ਇਸ 'ਸਚੁ ਆਚਾਰੁ' ਤੋਂ ਮੁਰਾਦ ਇਖ਼ਲਾਕੀ (ਏਥੀਕਲ) ਸ਼ੁਸ਼ਕ ਸੱਚ ਨਹੀਂ, ਜੈਸਾ ਕਿ ਕਈ ਇਕ 'ਸਚੁ' ਦੀ ਵਿਆਖਿਆ ਕਰਨਹਾਰੇ ਅਰਥ ਕਰਿਆ ਕਰਦੇ ਹਨ । ਤਿਨ੍ਹਾਂ ਦੇ ਨਜ਼ਦੀਕ ਸਿਰਫ ਬਿਉਹਾਰ-ਕਾਰੀ ਸੁਆਰਥ ਸੰਵਾਰੀ ਸੱਚ ਬੋਲਣਾ ਹੀ ਸਭਨਾਂ ਆਚਾਰਾਂ ਤੋਂ ਉਪਰ ਆਚਾਰ ਹੈ ।** ਏਹ ਉਹਨਾਂ ਦੇ ਅਰਥ ਗੁਰਮਤਿ ਸਚੁ ਮੇਆਰ ਕਸੌਟੀ ਦੀ ਪਰਖ ਤੋਂ ਪੂਰੇ ਉਤਰੇ ਅਰਥ ਨਹੀਂ, ਊਰੀ ਮਨ


www.AKJ.Org

ਦੀ ਮਤਿ ਵੀਚਾਰ ਕੇ ਵਿਚਾਰੇ ਹੋਏ ਅਰਥ ਹਨ, ਜੋ ਕਿਸੇ ਸੂਰਤ ਭੀ ਏਥੇ ਘਟਦੇ ਨਹੀਂ, ਨਾ ਘਟ ਸਕਦੇ ਹਨ।

ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ॥ ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ॥
ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥੪॥੧੪॥ ਸਿਰੀ ਰਾਗੁ ਮਹਲਾ ੧, ਪੰਨਾ ੧੯

ਸਚੀ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਕਾਰ ਕੀਤਿਆਂ ਹੀ ਸਚੁ ਮਿਲਦਾ ਹੈ। ਬਸ, ਗੁਰਮਤਿ ਦੁਆਰਾ ਹੀ ਗੁਰੂ ਘਰ ਵਿਚੋਂ ਇਹ ਸਚੁ ਪਦਾਰਥ ਪਲੈ ਪੈਂਦਾ ਹੈ, ਹੋਰ ਕਿਤੋਂ ਨਹੀਂ। ਜਿਸ ਨੂੰ ਇਹ ਸਚੁ ਗੁਰਮਤੀ ਪ੍ਰਾਪਤਿ ਹੋਇਆ ਹੈ, ਸ ਨਰ ਜੰਮਣ ਮਰਣ ਆਵਾਗਉਣ ਤੋਂ ਰਹਿਤ ਹੋ ਗਿਆ, ਨਿਸਚੇ ਕਰ ਜਾਣੋ। ਜੋ ਜਨ ਇਹ ਸਚੁ ਪਦਾਰਥ ਪਾਉਂਦਾ ਹੈ, ਸੋਈ ਦਤਗਹ ਪੈਧਾ ਜਾਵੰਦਾ ਹੈ। ਸਚੀ ਦਰਗਾਹ ਵਿਖੇ ਉਸ ਨੂੰ ਸੱਚ ਵਡਿਆਈ ਦਾ ਸਚੁ ਸਿਰਪਾਉ ਮਿਲਦਾ ਹੈ। ਸੋਈ ਜਨ ਦਰਿ ਪਰਵਾਨਿਆ ਪੰਚ ਪਰਵਾਨੀ ਪਰਧਾਨ ਬਣਦਾ ਹੈ।

ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ॥ ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ॥ ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ॥੧॥ ਭਾਈ ਰੇ ਸੰਤ ਜਨਾ ਕੀ ਰੇਣੁ॥ ਸੰਤ ਸਭਾ ਗੁਰ ਪਾਈਐ ਮੁਕਤਿ ਪਦਾਰਥੁ ਧੇਣੁ ॥੧॥ ਰਹਾਉ॥ ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ॥ ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ॥ ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥੧੨॥ ਸਿਰੀ ਰਾਗੁ ਮਹਲਾ ੧, ਪੰਨਾ ੧੮

ਏਕੈ ਗੁਰਮਤਿ ਭਾਇ ਭਾਵਨੀ ਕਰਿ ਹਰਿ ਜਪਿਆਂ ਸਚੁ ਮਿਲਦਾ ਹੈ। ਅਤੇ ਸਚੁ ਮਿਲਿਆਂ ਹੀ ਸੱਚੀ ਸੰਤੁਸ਼ਟਤਾ ਆਉਂਦੀ ਹੈ। ਜੋਤੀ ਸਰੂਪ ਸਿਫਤੀ ਵਾਹਿਗੁਰੂ (ਨਾਮੀ) ਸਿਫਤਿ ਸਾਲਾਹ ਦੀ ਜੋਤਿ ਅੰਸ ਵਿਚਿ ਆਇ ਸਮਾਉਂਦਾ ਹੈ। ਜਿਵੇਂ ਸੂਰਜ ਕਿਰਨ ਨੂੰ ਮਿਲ ਕੇ ਕਿਰਨ ਵਿਖੇ ਆਇ ਸਮਾਉਂਦਾ ਹੈ, ਇਉਂ ਅਸਲਾ ਆਪਣੇ ਨਿਜ ਅਸਲੇ ਨਾਲਿ (ਵਿਛੜਿਆ ਹੋਇਆ) ਫੇਰ ਆ ਮਿਲਦਾ ਹੈ। ਅਤੇ ਸਚੁ ਸੰਤੋਖੀਏ ਨਾਮ ਰੰਗ ਪੇਖੀਏ ਗੁਰਮੁਖ ਜਨ ਉਤੇ ਲਾਲ ਗੁਲਾਲ ਗਹਿਗਚ ਆਤਮ ਜੋਤੰਨਾ ਰੰਗ ਆ ਚੜ੍ਹਦਾ ਹੈ। ਇਉਂ ਗਹਿਗਹਾ ਰੰਗ ਚਲੂਲਾ, ਨਿਜ ਆਤਮਾ ਅਤੇ ਦੇਹ ਚੋਲੇ ਤੇ ਚੜ੍ਹਵਾਇ ਕੈ, ਅਰਥਾਤ ਰੰਗਿ ਚਲੂਲੇ ਰੱਪ ਕੇ ਭੀ ਗੁਰਮੁਖ ਸੰਤ ਜਨਾਂ ਦੀ ਰੇਣਕਾ ਹੋਇ ਰਹਿੰਦਾ ਹੈ। ਗੁਰੂ ਘਰ ਦੀ ਸਾਧ ਸੰਗਤਿ, ਸੰਤ ਸਭਾ ਵਿਚਿ ਮਿਲ ਕੇ ਅਤੇ ਮਿਲੇ ਰਹਿਣ ਕਰਕੇ ਹੀ ਕਾਮਧੇਨ ਰੂਪ ਮੁਕਤਿ ਪਦਾਰਥੁ ਨਾਮੁ ਮਿਲਦਾ ਹੈ। ਏਹ 'ਸਚੁ' ਪ੍ਰਾਪਤੀ ਦਾ ਊਚੀ ਹੂ ਊਚਾ ਅਪਾਰ ਮਰਤਬਾ ਹੈ। ਇਸ 'ਸਚੁ' ਮੰਜ਼ਲ ਦਾ "ਊਚਉ ਥਾਨੁ ਸੁਹਾਵਣਾ" ਜਿਸ ਉਪਰਿ "ਮਹਲੁ ਮੁਰਾਰਿ" ਦਿਬ ਬਿਸਮਨੀ ਉਸਰਨੀ ਵਿਚਿ ਉਸਰਿਆ ਹੈ, ਜਿਸ ਦਾ ਊਭ ਪਇਆਲ, ਥੱਲਾ ਤੇ ਸਿਖਰਲਾ ਸਿਰਾ ਕੋਈ ਨਹੀਂ, ਏਹ "ਊਚਉ ਮਹਲੁ ਮੁਰਾਰਿ" ਸਚ ਕਰਣੀ ਦੇ ਬਦਲੇ ਪਾਈਦਾ ਹੈ। ਆਪੁ ਤਿਆਗ ਕੇ ਸਚੁ ਨਾਮ ਦੀ ਕਮਾਈ ਕਰਿ ਕਰਿ ਮਰਿ ਮਿਟਿਆਂ ਹੀ ਇਹ ਮਹਲ ਪਾਈਦਾ ਹੈ। ਏਹ ਮਹਲ, ਅਤਿ ਉਚੀਆਂ ਮੰਜ਼ਲਾਂ ਗੁਰ ਪ੍ਰਸਾਦ ਕਰਿ ਸਚੁ (ਨਾਮੁ) ਨਾਲਿ ਪਿਆਰ ਪਾਇਆਂ, ਪ੍ਰੇਮ ਲਾਇਆਂ, ਏਹ ਦਰ-ਘਰ-ਮਹਲੁ ਨਿਜ-ਘਰਿ-ਵਸਿਆ ਮਹਲੁ ਬਣ ਜਾਂਦਾ ਹੈ। ਆਤਮ ਰਾਮ ਬੀਚਾਰ ਦੀ ਸਾਰ ਕਰਣੀ ਦੁਆਰਾ ਕੇਵਲ ਗੁਰਮੁਖਾਂ ਨੂੰ ਹੀ 'ਸਚੁ' ਸਾਰ ਪਦਾਰਥ ਦੀ ਸੋਝੀ ਆਉਂਦੀ ਹੈ।

ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ॥ ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ॥ ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥ ਮਨ ਮੇਰੇ ਸਤਿਗੁਰ ਕੈ ਭਾਣੈ ਚਲੁ॥ ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ॥ ਅਉਗੁਣਵੰਤੀ ਗੁਣੁ ਕੋ ਨਹੀ ਬਹਿਣਿ ਨ ਮਿਲੈ ਹਦੂਰਿ॥ ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ॥ ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ॥ ਗੁਰਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥ ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ॥ ਸਚਾ ਰੰਗੁ ਨ ਉਤਰੈ ਜੋ



www.AKJ.Org

ਸਚਿ ਰਤੇ ਲਿਵ ਲਾਇ ॥ ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥ ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ ॥੩॥ ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ ॥ ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ ॥ ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ ॥ ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ ॥੪॥੨੬॥੫੯॥ ਸਿਰੀ ਰਾਗੁ ਮ: ੩, ਪੰਨਾ ੩੬-੩੭

ਵਿਆਖਿਆ : ਜਿਸ ਗੁਣਵੰਤੀ ਗੁਰਮੁਖ ਸੋਹਾਗਣੀ ਨੇ ਤ੍ਰਿਸ਼ਨਾ ਵਿਕਾਰ ਤਜ ਕੇ ਰਸਨਾ ਪ੍ਰੇਮ ਪਿਆਰ ਕਰਿ ਗੁਰ ਸਬਦੀ ਮਨੁ ਰੰਗਿਆ ਹੈ, ਤਿਸੁ ਗੁਣਵੰਤੀ ਨੂੰ ਹੀ 'ਸਚੁ' ਮਿਲਿਆ ਹੈ। ਗੁਰਮਤਿ ਨਾਮ ਗੁਰ ਸ਼ਬਦ ਨੂੰ ਰਸਨਾ ਤੇ ਪ੍ਰੇਮ ਨਾਲਿ ਰਸੱਟ ਕੇ ਅਤੇ ਪਿਆਰ ਨਾਲਿ ਗੁੱਰਾਟ ਕੇ ਸਾਰੇ ਸਰੀਰ ਵਿਖੇ ਰਸ ਜੋਤਿ ਦੀ ਝਰਨਾਟ ਫਿਰ ਜਾਂਦੀ ਹੈ। ਅਤੇ ਇਉਂ ਸਾਰਾ ਮਨੁ ਤਨੁ ਹੀਉ ਜੀਉ ਆਤਮਾ ਚਲੂਲੇ, ਜੋਤਿ ਚਲੂਲੇ ਰੰਗਾਂ ਵਿਚਿ ਰੰਗਿਆ ਜਾਂਦਾ ਹੈ ਅਤੇ ਪਰਮਾਤਮ ਰੰਗ ਮੁਸਕ ਝਕੋਲੜੇ ਸਚ ਢੋਲੜੇ ਦੀ ਰੰਗਣ ਚੜ੍ਹ ਜਾਂਦੀ ਹੈ। ਇਉਂ 'ਸਚੁ' ਦਾ ਸੱਚੜਾ ਵਸਲੁ ਪ੍ਰਾਪਤ ਕਰੀਦਾ ਹੈ ਅਤੇ ਇਉਂ ਅਮੀ ਦਿੱਬ ਅਸਲੇ ਦੇ ਨਿਜ ਅੰਸੀ ਜੋਤਿ ਰੰਗਾਂ ਵਿਚਿ 'ਸਚੁ' ਨੂੰ ਪਾਈਦਾ ਹੈ। ਸਤਿਗੁਰੂ ਦੀ ਬਸੀਠੀ ਬਾਝੋਂ ਸਚੁ ਕਦਾਚਿਤ ਨਹੀਂ ਪਾ ਸਕੀਦਾ। ਨਾ ਕਿਸੇ ਨੇ ਪਾਇਆ ਹੈ, ਨਾ ਕੋਈ ਪਾ ਸਕੇਗਾ। ਇਸ ਗੱਲ ਨੂੰ ਦ੍ਰਿੜ੍ਹ ਕਰਕੇ, ਮਨ ਵਿਖੇ ਨਿਸ਼ਚੇ ਕਰਕੇ ਮੰਨ ਛਡੋ। ਥਾਂਘੀ ਸਤਿਗੁਰੂ ਦੀ ਵਿਚੋਲਗੀ ਤੋਂ ਹੀਣੇ ਮੀਣੇ ਮਨਮੁਖਾਂ ਨੂੰ ਇਸ 'ਸਚੁ' ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ, ਕਿਉਂਕਿ ਓਹਨਾਂ ਦੇ ਮਨ ਹਉਮੈ ਦੀ ਮੈਲ ਨਾਲਿ ਮਲੀਨ ਹੋਏਵੇ ਹਨ। ਏਹ ਮੈਲ ਮਨਮੁਖਾਂ ਦੇ ਮਨਾਂ ਦੀ ਉਤਰਦੀ ਹੀ ਨਹੀਂ, ਜਦ ਤਾਈਂ ਓਹਨਾਂ ਨੂੰ ਸਤਿਗੁਰੂ ਦੀ ਸਰਣਿ ਪ੍ਰਾਪਤਿ ਨਾ ਹੋਵੇ ਅਤੇ ਸਤਿਗੁਰੂ-ਸਰਣਿ ਪ੍ਰਾਪਤਿ ਹੋਣ ਕਰਿ ਸਚੁ ਗੁਰਮੰਤ੍ਰ ਨਾਮੁ ਰੂਪੀ 'ਸਚੁ' ਦੀ ਦੀਖਿਆ ਨਾ ਮਿਲੇ ਅਤੇ ਗੁਰਸ਼ਬਦ ਦੀ ਸੱਚੀ ਪਿਆਰ-ਭਾਵਨੀ ਰੂਪੀ ਅਤੇ ਸਚੁ ਵੀਚਾਰ ਰੂਪੀ ਸੱਚੀ ਅਭਿਆਸ ਕਮਾਈ ਦੀ ਅਮਲੀ ਕਰਣੀ ਨਾ ਪ੍ਰਾਪਤਿ ਹੋ ਜਾਵੇ।

ਗੁਰੂ ਦੇ ਹੋਇ ਕੈ ਜੋ ਗੁਰੂ ਦੇ ਹੁਕਮਾਂ ਰੂਪੀ ਭਾਣੇ ਅੰਦਰਿ ਚਲਦੇ ਹਨ, ਓਹ ਸਚੁ ਸਬਦ (ਗੁਰਮਤਿ ਨਾਮੁ) ਕਮਾਈਆਂ ਕਰਦੇ ਹੋਏ ਆਤਮ-ਪ੍ਰਮਾਤਮ ਸੰਗਮੀ ਨਿਜ ਘਰ ਵਿਚਿ ਜਾਇ ਵਸਦੇ ਹਨ ਅਤੇ ਨਿਜ ਘਰ ਵਸ ਕੇ ਅੰਮ੍ਰਿਤ ਦੇ ਗਟਾਕ ਰਸ ਪੀਂਦੇ ਹਨ। ਇਉਂ 'ਸਚੁ' ਮਹਲੀਂ ਵਾਸ ਵਾਲਾ ਸੱਚਾ ਆਤਮ ਸੁਖ ਮਾਣਦੇ ਹਨ ।ਰਹਾਉ।

ਗੁਰਮਤਿ-ਗੁਣਾਂ ਤੋਂ ਘੁਥੜੀ ਅਵਗਣਵੰਤੀ ਅੰਦਰਿ ਕੋਈ ਗੁਰਮਤਿ ਗੁਣ ਨਹੀਂ ਹੁੰਦਾ, ਜਿਸ ਕਰਕੇ ਉਹ ਸਚੜੇ ਖਸਮ ਦੇ ਪਾਸ ਬਹਿਣਾ ਨਹੀਂ ਪਾਉਂਦੀ। ਉਹ 'ਸਚੁ' ਦੇ ਨਿਕਟ ਢੁਕਣਾ ਹੀ ਨਹੀਂ ਪਾਉਂਦੀ। ਤਿਸੁ ਮਨਮੁਖੀ ਨੂੰ ਗੁਰ ਸ਼ਬਦ ਦੀ ਸਾਰ ਨਹੀਂ ਹੁੰਦੀ ਅਤੇ ਸ਼ਬਦ ਗੁਰੂ ਦੀ ਸਾਰ ਕਮਾਈ ਨਾ ਹੋਣ ਕਰਕੇ ਹੀ ਗੁਰਮਤਿ ਗੁਣਾਂ ਦੀ ਪ੍ਰਾਪਤੀ ਨਹੀਂ ਹੁੰਦੀ। ਨਿਰੇ ਅਵਗੁਣ ਹੀ ਅਵਗਣ ਉਸ ਦੇ ਅੰਦਰਿ ਹੁੰਦੇ ਹਨ ਅਤੇ ਅਵਗਣਾਂ ਕਰਕੇ ਉਸ ਤੋਂ ਸੋ ਪ੍ਰਭੂ ਸਚੜਾ ਖਸਮ ਦੂਰ ਹੀ ਦੂਰ ਰਹਿੰਦਾ ਹੈ। ਜਿਨ੍ਹਾਂ ਨੇ ਸਚੁ ਪਛਾਣਿਆ ਹੈ ਓਹ 'ਸਚੁ' (ਨਾਮ) ਨਾਲਿ ਹੀ ਭਰੇ ਭਕੁੰਨੇ ਰਹਿੰਦੇ ਹਨ ਅਤੇ 'ਸਚੁ' ਨਾਮ ਦੇ ਰੰਗਾਂ ਵਿਚਿ ਹੀ ਰਤੇ ਰਹਿੰਦੇ ਹਨ। ਜਿਨ੍ਹਾਂ ਦਾ ਮਨ ਗੁਰਸ਼ਬਦ ਰੂਪੀ 'ਸਚੁ' ਦੇ ਬਾਣ ਨਾਲਿ ਬੇਧਿਆ ਜਾਂਦਾ ਹੈ ਅਤੇ ਜਿਨ੍ਹਾਂ ਉਤੇ ਅਰਸ਼ੀ 'ਸਚੁ' (ਸ਼ਬਦ) ਦੀ ਪਾਰਸ ਕਲਾ ਵਰਤਦੀ ਹੈ, ਤਿਨ੍ਹਾਂ ਨੂੰ ਵਾਹਿਗੁਰੂ ਸੱਚਾ ਸਾਹਿਬ ਸਰਬੋਤਮੀ 'ਸਚੁ' ਜੋਤੀਸ਼ ਸੋਮਾ ਆਪਿ ਨਿਕਟਵਰਤੀ ਹੋ ਕੇ ਆਣਿ ਮਿਲਦਾ ਹੈ।

ਆਪੇ ਸਚੁ ਦੇ ਰਸ ਆਤਮ ਚਲੂਲੀ ਰੰਗਾਂ ਦੀ ਰੰਗਣ ਵਿਚਿ ਓਹਨਾਂ ਨੂੰ ਰੰਗਿ ਲੈਂਦਾ ਹੈ। ਇਉਂ ਗੁਰ-ਸ਼ਬਦ ਦੀ ਰੰਗ ਜੋਤਿ ਆਕ੍ਰਖਣੀ ਕਲਾ ਵਰਤਾਇ ਕੈ ਆਪਣੇ ਅੰਕਿ ਮਿਲਾਇ ਲੈਂਦਾ ਹੈ। ਜੋ ਜਨ ਇਸ 'ਸਚੁ' ਦੇ ਲਿਵ ਜੋਤਿ ਰੰਗਾਂ ਵਿਚਿ ਲੀਨ ਹੋ ਗਏ ਹਨ, ਓਹਨਾਂ ਤੇ ਚੜ੍ਹਿਆ ਸੱਚ-ਰੰਗ ਫੇਰ ਕਦੇ ਨਹੀਂ ਉਤਰਦਾ। ਮਨਮੁਖ ਦੋਹਾਗਣੀ ਭਾਵੇਂ ਚਾਰੇ ਕੂੰਟਾਂ ਆਪਣੀ ਮਨ ਦੀ ਮਤਸਰ ਕਰਿ ਢੂੰਡ ਥੱਕੇ, ਉਸ ਨੂੰ ਸਚੁ ਦੀ ਸੱਚੀ ਸੂਝ ਬੂਝ ਪੈ ਹੀ ਨਹੀਂ ਸਕਦੀ। ਜਿਸ ਨੂੰ ਸਤ੍ਰਿਗੁਰੂ ਆਪ ਮੇਲੇ, ਤਿਸੇ ਨੂੰ ਹੀ ਸਚੇ ਸ਼ਬਦ ਵਿਚਿ ਸਮਾਈ ਹੋਣ ਕਰਕੇ ਸੱਚ ਦਾ, ਸਚੜੇ ਪ੍ਰੀਤਮ ਰਤੜੇ ਦਾ ਸੱਚਾ ਵਸਲ ਮਿਲਾਪ ਪ੍ਰਾਪਤਿ ਹੁੰਦਾ ਹੈ।੍ਰ


www.AKJ.Org

ਸੱਚੇ ਸੁਖ ਪ੍ਰੀਤਮੀ ਮਿਲਾਪ ਦੇ ਵਸਲਾਉਣ ਕਰਕੇ ਸਚੇ ਆਤਮ-ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਵਿਛੋੜੇ ਦਾ ਦੁਖ ਦੂਰਿ ਹੁੰਦਾ ਹੈ। ਮਨਮੁਖੀ ਦੋਹਾਗਣ ਭਾਵੇਂ ਕਿਤਨੇ ਵਡੇ ਵਡੇ ਮਿਤਰ ਘਨੇਰੇ ਕਰਿ ਥਕੇ, ਉਸ ਦਾ ਇਹ ਬਿਰਹੋਂ ਵਿਛੋੜੇ ਦਾ ਦੁਖ ਕੋਈ ਕੱਟ ਹੀ ਨਹੀਂ ਸਕਦਾ। ਇਹ ਦੁੱਖ ਤਾਂ ਸਚੇ ਪਿਰੀ ਪ੍ਰੀਤਮ ਨੂੰ ਮਿਲਿਆਂ ਹੀ ਕਟਿਆ ਜਾ ਸਕਦਾ ਹੈ ਅਤੇ ਪ੍ਰੀਤਮ ਦਾ ਵਸਲ ਮੇਲ-ਮਿਲਾਵਾ ਗੁਰ-ਸ਼ਬਦ ਮੁਰਸ਼ਦ ਦੁਆਰਾ ਹੀ ਹੁੰਦਾ ਹੈ। ਪਿਰੀ-ਮਿਲਾਵਾ, ਪ੍ਰੀਤਮ-ਵਸਲਾਵਾ ਹੋ ਕੇ ਭੀ, ਸਚੁ ਰੂਪੀ ਨਾਮ ਧਨੁ ਖਟਣਾ ਅਭਿਆਸ ਕਮਾਈ ਕਰਿ ਕਮਾਈ ਜਾਣਾ ਓਹਨਾਂ ਦਾ ਬਣਿਆ ਹੀ ਰਹਿੰਦਾ ਹੈ। ਇਹ 'ਸਚੁ' ਰੂਪੀ ਰਾਸ ਪੂੰਜੀ ਦਾ ਸਚੜਾ ਵਾਪਾਰੁ ਹੀ ਓਹਨਾਂ ਦਾ ਸੱਚੜਾ ਆਹਰ, ਬਿਉਹਾਰ ਹੁੰਦਾ ਹੈ। ਸਚੇ ਵਾਹਿਗੁਰੂ ਰੂਪੀ 'ਸਚੁ' ਮਹਿਬੂਬ ਦੀ ਸੱਚੀ ਮੁਹੱਬਤ ਮਈ ਹੁਸ਼ਿਆਰ ਮਸਤ ਸੋਝੀ ਤੋਂ ਬਿਨਾਂ ਓਹਨਾਂ ਨੂੰ ਹੋਰ ਕਿਸੇ ਗੱਲ ਦੀ ਸੋਝੀ (ਸੁਧ ਬੁਧਿ) ਹੀ ਨਹੀਂ ਰਹਿੰਦੀ। ਜੇਹੜੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਸਚੜੇ ਗੁਰਮੁਖ ਜਨ ਇਕ ਵਾਰ 'ਸਚੁ' ਵਿਖੇ ਮਿਲ ਗਏ ਹਨ, ਓਹ ਫੇਰ ਕਦੇ ਨਹੀਂ ਵਿਛੜਦੇ, ਪਰ ਨਹੀਂ ਵਿਛੜਦੇ, ਸਦਾ ਮਿਲੇ ਹੀ ਰਹਿੰਦੇ ਹਨ।

> ਜਿਸ ਹੀ ਕਿ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥ ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥ ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥ ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ ॥੧॥੩੬॥ ਸਿਰੀ ਰਾਗੁ ਮਹਲਾ ੩, ਪੰਨਾ ੨੭

ਸੱਚੀ ਸਰਕਾਰ ਦੀ ਸਚੇ ਹੁਕਮ ਰੂਪੀ ਕਾਰ ਸਭਨਾਂ ਦੇ ਸਿਰ ਉਪਰ ਹੈ। ਸਭ ਕੋਈ, ਤਿਸ ਦੇ ਚੀਰੇ ਅੰਦਰਿ ਹੈ। ਜੇਹੜੇ ਗੁਰਮੁਖ ਤਿਸ ਸੱਚੀ ਕਾਰ ਨੂੰ ਕਮਾਵੰਦੇ ਹਨ, ਤਿਨ੍ਹਾਂ ਦੇ ਘਟ ਅੰਦਰਿ ਹੀ ਸਚੁ ਪਰਗਟ ਹੋ ਜਾਂਦਾ ਹੈ। ਜਿਸ ਦੇ ਅੰਦਰਿ ਜੋਤਿ ਪ੍ਰਗਟੰਨਾ ਸਚੁ ਵਸਿਆ ਹੈ, ਤਿਸ ਸਚੇ ਪੁਰਖ ਦੀ ਸੱਚੀ ਸੋਭਾ ਜਗਤ ਪਰਸਿਧ ਹੋ ਜਾਂਦੀ ਹੈ। ਜੇਹੜੇ ਇਸ ਬਿਧਿ 'ਸਚੁ' ਨੂੰ ਮਿਲੇ ਹਨ, ਸੇ ਫੇਰ ਕਦੇ ਨਹੀਂ ਵਿਛੜਦੇ, ਸਚੁ ਸਰੂਪ ਸਚੇ ਵਾਹਿਗੁਰੂ ਤੋਂ। ਤਿਨ੍ਹਾਂ ਦਾ ਵਾਹਿਗੁਰੂ ਦੇ ਨਿਜ ਘਰ ਵਿਚਿ ਸੱਚਾ ਵਾਸਾ ਹੋ ਜਾਂਦਾ ਹੈ।

> ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥ ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥ ਭਾਈ ਰੇ ਹਰਿ ਹੀਰਾ ਗੁਰ ਮਾਹਿ ॥ ਸਤਸੰਗਤਿ ਸਤਿਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥ ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥ ਜਿਉ ਅਗਨਿ ਮਰੈ ਜਲਿ ਪਾਈਐ ਤਿਉ ਤ੍ਰਿਸਨਾ ਦਾਸਨਿ ਦਾਸਿ ॥ ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥ ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥ ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥ ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥ ਸਿਰੀ ਰਾਗੁ ਮਹਲਾ ੧, ਪੰਨਾ ੨੨

ਗੁਰਮੁਖ ਪਿਆਰਿਆਂ ਨੂੰ ਗੁਰਮਤਿ ਬੋਲ ਬੋਲ ਕੇ, ਰਸਨਾ ਤੇ ਗੁਰਮਤਿ ਬੋਲ ਲੈ ਕੇ ਹਰਿ ਹਰਿ ਜਪਣ ਦਾ ਹੁਕਮ ਹੈ। ਅਰਥਾਤ ਕੇਵਲ ਏਕੋ ਗੁਰਮਤਿ ਨਾਮੁ (ਵਾਹਿਗੁਰੂ) ਹੀ ਜਪਣ ਦਾ ਗੁਰ-ਦੀਖਿਆ ਗੁਰਮੰਤ੍ਰੀ ਉਪਦੇਸ਼ੁ ਹੈ। ਏਹੋ ਗੁਰਮਤਿ ਨਾਮੁ ਹੀ ਸਤਿਨਾਮੁ ਹੈ। ਏਹੋ ਗੁਰਮਤਿ ਨਾਮੁ ਹੀ ਸਚੁ ਰੂਪੀ ਸਤਿ ਪਦਾਰਥ ਹੈ। ਇਸ ਗੁਰਮਤਿ ਨਾਮੁ ਰੂਪੀ 'ਸਚੁ' ਦੀ ਕਸਵੱਟੀ ਤੇ ਜੇ ਮਨੁ ਲਾਇਆ ਜਾਵੇ ਤਾਂ ਇਸ ਗੁਰਮਤਿ ਨਾਮੁ ਰੂਪੀ 'ਸਚੁ' ਪਾਰਸ ਨੂੰ ਪਰਸ ਕੇ ਮਨੁ ਪੂਰੇ ਤੋਲਿ ਤੋਲਿਆ ਜਾਂਦਾ ਹੈ। ਅਤੇ ਕੰਚਨ-ਵੰਨਾ ਹੋ ਕੇ ਪੂਰਾ ਉਤਰਦਾ ਹੈ। 'ਸਚੁ' ਰੂਪੀ 'ਨਾਮੁ', ਪਾਰਸ ਰੂਪੀ ਅਭਿਆਸ ਦੀ ਕਸੌਟੀ ਚੜ੍ਹਿਆ ਹੋਇਆ ਹਿਰਦੇ ਅੰਦਰਿ ਜੋਤਿ ਰਤਨਾ ਮਾਣਕ ਹੋ ਕੇ ਪ੍ਰਗਟੀਆਉਂਦਾ ਹੈ। "ਰਿਦਿ ਮਾਣਕ ਮੋਲਿ ਅਮੋਲਿ ॥" ਐਸਾ ਵਡਮੁਲਾ ਮਾਣਕ ਹੈ, ਜਿਸ ਦਾ ਮੁਲ ਕੀਤਿਆਂ ਕੋਈ ਮੁਲ ਹੀ ਨਹੀਂ ਪੈ ਸਕਦਾ, ਅਮੁਲ ਗੁਣੀਆ ਮਾਣਕ ਹੈ। ਇਹ ਨਵਨਾਮ ਰਤੰਨਾ ਸਚੁ ਹੈ।


www.AKJ.Org

ਇਹ ਸਚੁ ਸੁਦਰਸਨੀ ਜੋਤਿ ਵਿਗਸੰਨਾ ਹਰਿ ਹੀਰਾ, ਸਤਿਗੁਰੂ ਰੂਪੀ ਸਾਗਰ ਵਿਚੋਂ ਹੀ ਲਭਦਾ ਹੈ। ਗੁਰਮੁਖਾਂ ਦੀ ਸੰਗਤ ਦੇ ਪਰਤਾਪ ਨਾਲਿ ਸਚੇ ਸਤਿਗੁਰੂ ਪਾਸ ਰਸਾਈ ਹੁੰਦੀ ਹੈ। ਸਤਿਗੁਰੂ ਦੁਆਰਿਓਂ ਗੁਰਦੀਖਿਆ ਗੁਰਮੰਤ੍ਰ ਮਿਲਣ ਕਰਿ ਇਸ ਗੁਰਮੰਤ੍ਰ 'ਨਾਮੁ' ਰੂਪੀ ਅੰਮ੍ਰਿਤ ਸ਼ਬਦ ਦੀ ਸਿਫਤਿ ਸਾਲਾਹੀ ਅਹਿਨਿਸਿ ਅਤੁਟ ਅਭਿਆਸ ਕਮਾਈ ਕੀਤਿਆਂ 'ਸਚੁ' ਰੂਪੀ ਪ੍ਰਚੰਡ ਜੋਤਿ ਮਣੀਏ ਲਾਲ ਦਾ ਘਟ ਅੰਦਰੋਂ ਹੀ ਪ੍ਰਕਾਸ਼ ਹੋ ਜਾਂਦਾ ਹੈ। ਰਹਾਉ।

ਇਸ 'ਸਚੁ ਵਖਰੁ' ਰੂਪੀ ਧਨ ਦੀ ਪੂੰਜੀ (ਰਾਸ) ਖ਼ਜ਼ਾਨੇ ਨੂੰ ਗੁਰ ਪਰਗਾਸ ਮਈ ਜੋਤਿ ਚਾਨਣ-ਮੁਨਾਰੇ ਦੀ ਰੋਸ਼ਨੀ ਤਲੇ ਹੀ ਲਭਿਆ ਜਾਂਦਾ ਹੈ। ਰਿਧੀਂ ਸਿਧੀਂ ਨਵਨਿਧੀਂ ਸਭ 'ਨਾਮੁ' ਦੀਆਂ ਦਾਸੀਆਂ ਹੋਣ ਕਰਿ ਸਭ ਤ੍ਰਿਸ਼ਨਾ, ਵਸਗਤਿ ਹੋਣ ਕਰਿ, ਨਾਮ-ਰਸੀਆਂ ਦੇ ਅਧੀਨ ਹੋ ਜਾਂਦੀ ਹੈ। ਨਾਮ ਨਿਧਾਨ ਦੀ ਸੱਚੀ ਤ੍ਰਿਸ਼ਨਾ ਬਿਨਾਂ ਹੋਰ ਤ੍ਰਿਸ਼ਨਾ ਕੋਈ ਫੁਰਦੀ ਹੀ ਨਹੀਂ। ਅਤੇ ਐਉਂ ਮਰ (ਬੁਝ) ਜਾਂਦੀ ਹੈ, ਜਿਵੇਂ ਜਲ ਪਾਇਆਂ ਅਗਨੀ ਬੁਝ ਜਾਂਦੀ ਹੈ। 'ਸਚੁ-ਧਨੁ'-ਰਾਸੀਆਂ, ਨਾਮ-ਵਿਗਾਸੀਆਂ ਦੇ ਜਮ ਜੰਦਾਰ ਭੀ ਨੇੜੇ ਨਹੀਂ ਆ ਸਕਦਾ। ਜਮ ਬਪੜਾ ਨੇੜੇ ਲਗਦਾ ਹੀ ਨਹੀਂ। ਇਉਂ ਸਹਜ ਸੁਹੇਲਾ ਹੀ ਭਵਜਲ ਤਰ ਜਾਈਦਾ ਹੈ।

ਸੱਚੀ ਭਾਇ ਭਾਵਨੀ ਨਾਲਿ 'ਸਚੁ' ਦੇ ਰੰਗਾਂ ਵਿਚਿ ਰੱਤੇ ਗੁਰਮੁਖਾਂ ਨੂੰ ਕੂੜੁ ਉੱਕਾ ਹੀ ਨਹੀਂ ਭਾਉਂਦਾ। ਤਿਨ੍ਹਾਂ ਨੂੰ 'ਨਾਮੁ ਸਚੁ' ਤੋਂ ਬਿਨਾ ਸਭ ਕੂੜ ਹੀ ਭਾਸਦਾ ਹੈ (ਮਨ ਬਚ ਕਰਮ ਕਰਕੇ ਪ੍ਰਤੀਤ ਹੁੰਦਾ ਹੈ) ਸਾਕਤ ਪੁਰਸ਼ਾਂ ਮਨਮੁਖਾਂ ਨੂੰ ਸਚੁ ਨਹੀਂ ਭਾਉਂਦਾ। ਤਿਨ੍ਹਾਂ ਕੂੜਿਆਰਾਂ ਦਾ ਕੂੜ ਅਤੇ ਕੂੜੀਆਂ ਗੱਲਾਂ ਵਿਚ ਹੀ ਲੱਥ ਪੱਥ ਰਹਿਣੀਆ ਨਿਵਾਸੁ ਰਹਿੰਦਾ ਹੈ। ਜੇਹੜੇ ਗੁਰਮੁਖ ਜਨ 'ਸਚੁ' ਦੇ ਰੰਗ ਵਿਚਿ ਰੱਤੇ ਗਏ ਹਨ, ਤਿਨ੍ਹਾਂ ਦਾ ਜੋਤਿ ਵਿਗਾਸ ਸੰਪੰਨੇ ਸਤਿਗੁਰੂ ਦੇ ਸਰੂਪ ਨਾਲਿ ਵਸਲ ਮਿਲਾਪ ਹੋ ਜਾਂਦਾ ਹੈ, ਤੇ ਉਹ ਸਦਾ ਵਾਹਿਗੁਰੂ ਸਚੇ ਅਤੇ ਉਸ ਦੇ 'ਸਚੁ' ਸਰੂਪ ਵਿਚਿ ਹੀ ਸਮਾਏ ਰਹਿੰਦੇ ਹਨ।

'ਸਚੁ' ਦੀ ਇਸ ਬਿਵਸਥਾ ਵਿਚਿ ਪੁਗ ਕੇ ਹਿਰਦੇ ਅੰਦਰਿ ਪ੍ਰਿਥਮ ਅਭਿਆਸ ਅਵਸਥਾ ਵਿਚਿ ਸੰਚਿਆ ਹੋਇਆ ਸਚੁ ਵਖਰੁ ਧਨੁ ਨਾਮੁ (ਸਚੁ ਰੂਪੀ ਵਖਰੁ, ਸਚੁ ਰੂਪੀ ਧਨ, ਨਾਮੁ) ਸਦਾ ਸਦਾ ਜੋਤਿ ਜਗੰਨਾ ਮਣੀਆ ਲਾਲ ਅਤੇ ਜਗਮਗ ਜਲਵ ਜਲਵੰਨਾ ਰਤਨ ਪਦਾਰਥੁ ਹੀਰਾ ਹੋਇ ਕੈ ਹੀ ਗੁਰਮੁਖ ਜਨਾਂ ਦੇ ਘਟਾਂ ਅੰਦਰਿ ਗਹਿਰ ਗੰਭੀਰ ਵਾਹਿਗੁਰੂ ਦੇ ਜੋਤਿ ਜਗਮਗੰਨੇ ਦਰਸ਼ਨ ਦੇ ਜ਼ਾਹਰ ਜ਼ਹੂਰ ਪਰਤੱਖ ਸਰੂਪ ਵਿਚਿ ਝਲਕਾਂ (ਆਭਾ) ਮਾਰਦਾ ਰਹਿੰਦਾ ਹੈ। ਵਾਹਿਗੁਰੂ ਦੇ ਅਤਿ ਦਇਆ ਮਈ ਪੂਰਨ ਪ੍ਰਸਾਦਿ ਕਰਿ ਹੀ ਵਿਰਲੇ ਗੁਰਮੁਖ ਜਨਾਂ ਨੂੰ ਹਰਿ ਹਰਿ ਹੀਰਾ ਰਤਨ ਰੂਪ ਸਚੁ ਜ਼ਹੂਰ ਪਜ਼ੀਰ ਹੁੰਦਾ ਹੈ।

ਸਰਬ ਨਿਰੰਤਰਿ ਖਸਮੁ ਏਕੋ ਰਵਿ ਰਹਿਆ ॥ ਗੁਰ ਪਰਸਾਦੀ ਸਚੁ ਸਚੋ ਸਚੁ ਲਹਿਆ ॥੧॥੮॥

ਰਾਮਕਲੀ ਕੀ ਵਾਰ, ਮਹਲਾ ੫, ਪੰਨਾ ੯੬੧

ਨਿਰੋਲ ਸਚੋ ਸਚੁ, ਪਰਮ ਤਤੁ ਮਈ ਸਚੁ, ਜੇ ਲਖਿਆ (ਲਹਿਆ) ਜਾਂਦਾ ਹੈ ਤਾਂ ਕੇਵਲ ਗੁਰਪ੍ਰਸਾਦੀ ਗੁਰਮਤਿ ਦੁਆਰਾ ਲਖਿਆ ਜਾਂਦਾ ਹੈ। ਜੈਸਾ ਕਿ ਏਦੂੰ ਉਪਰਲੇ ਗੁਰਵਾਕ ਦੀ ਵਿਆਖਿਆ ਅੰਦਰਿ ਨਿਰਣੈ ਕੀਤਾ ਗਿਆ ਹੈ। ਇਹ ਸਚੁ, ਸਰਬੋਤਮੀ ਸਚੁ, ਖਸਮ ਪੁਰਖੋਤਮੀ ਸਚੁ ਸਰਬ ਨਿਰੰਤਰਿ ਸਰਬ ਘਟਾਂ ਅੰਤਰਿ ਰਵਿਆ ਹੋਇਆ ਗੁਰਮੁਖ ਜਨਾਂ ਦੇ ਦਿਬ ਲੋਇਣਾਂ ਕਰਿ ਪਰਤੱਖ ਪੇਖਿਆ ਜਾਂਦਾ ਹੈ।

ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥ ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥
ਸੁਖ ਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥੩॥੧੦॥ ਸਿਰੀ ਰਾਗੁ ਮਹਲਾ ੧, ਪੰਨਾ ੫੯

ਪ੍ਰੇਮ ਪਦਾਰਥ ਮਈ ਨਾਮੁ ਨਿਰਮਲੁ ਸਚੇ ਸਤਿਗੁਰੂ ਦੇ ਭੰਡਾਰਿਓਂ ਦੁਆਰਿਓਂ ਹੀ ਪਾ ਸਕੀਦਾ ਹੈ। ਏਹੋ ਸੱਚਾ ਵਖਰੁ ਹੈ, ਏਹੋ ਗੁਰਮਤਿ ਸਿਧਾਂਤੀ ਸਚੁ ਹੈ। ਪਰ ਪੂਰੇ ਕਰਮ ਕਰਕੇ ਹੀ ਇਹੁ ਸਚੁ ਰੂਪੀ ਸੱਚਾ ਵਖਰੁ ਸੰਚਿਆ ਜਾਂਦਾ ਹੈ। ਸਤਿਗੁਰੂ ਜਿਸ ਨੂੰ ਇਹ ਸੱਚਾ ਵਖਰੁ ਸੰਚਾਉਂਦਾ ਹੈ, ਤਿਸ ਦੇ ਸਭ ਦੁਖ ਮਿਟ ਜਾਂਦੇ ਹਨ। ਐਸਾ ਹੈ ਸਤਿਗੁਰੂ ਸੁਖਦਾਤਾ, ਦੂਤਾਂ ਦੈਂਤਾਂ ਦੇ ਸੰਘਾਰਨਹਾਰਾ। ['ਗੁਰਮਤਿ ਸੱਚ ਨਿਰਣੈ'' ਪੁਸਤਕ ਵਿਚੋਂ]

www.AKJ.Org

# ਕਾਹੇ ਕਉ ਕੀਜੈ ਧਿਆਨੁ ਜਪੰਨਾ

[ਪ੍ਰਿੰਸੀਪਲ ਸੱਜਣ ਸਿੰਘ ਜੀ, ਨਵੀਂ ਦਿੱਲੀ]

ਧਿਆਨ ਲਾਉਣਾ ਇਕ ਸਰੀਰਕ ਕਿਰਿਆ ਹੈ, ਇਸ ਦਾ ਈਸ਼ਵਰੀ ਗਿਆਨ ਨਾਲ ਕੋਈ **ਸਿੱਧਾ ਸੰਬੰਧ** ਨਹੀਂ। ਰੂਹਾਨੀਅਤ ਦੇ ਖੇਤਰ ਵਿਚ ਮਨ ਦੀ ਇਕਾਗਰਤਾ ਲਾਜ਼ਮੀ ਹੈ, ਪਰ ਕਾਫ਼ੀ ਨਹੀਂ। ਭਾਈ **ਗੁਰਦਾਸ ਜੀ ਦੇ** ਬਚਨਾਂ ਅਨੁਸਾਰ ਅਨੇਕ ਜਗਿਆਸੂਆਂ ਨੇ ਜੋਗ ਧਿਆਨ ਤੇ ਸੁੰਨ ਸਮਾਧੀਆਂ ਦੁਆਰਾ **ਆਸਣ ਲਾਏ, ਪਰ** ਗੁਰਮੁਖ ਦੇ ਸੁਖ-ਫਲ-ਪਿਰਮ-ਰਸ ਦਾ ਸਵਾਦ ਨਹੀਂ ਮਾਣ ਸਕੇ। ਇਹੋ ਕਾਰਨ ਹੈ ਕਿ ਉਨ੍ਹਾਂ **ਦੇ ਜੀਵਨ ਵਿਚ** ਰਸ ਨਹੀਂ, ਖੇੜਾ ਨਹੀਂ, ਚਾਅ ਨਹੀਂ, ਚੜ੍ਹਦੀ ਕਲਾ ਨਹੀਂ, ਹੁਲਾਸ ਨਹੀਂ। ਜਿਨ੍ਹਾਂ ਦੇ ਮਨ **ਕੁਮਲਾਏ ਹੋਣ,** ਨਫ਼ਰਤ ਤੇ ਈਰਖਾ ਨਾਲ ਭਰੇ ਹੋਣ, ਰਸਨਾ ਤੇ ਫਿੱਕਾਪਣ ਹੋਵੇ, ਉਨ੍ਹਾਂ ਦੇ ਧਿਆਨ ਵਿਚ ਉਦਾਸੀ **ਜਾਂ ਨਿਰਾਸਤਾ** ਤਾਂ ਹੋ ਸਕਦੀ ਹੈ, ਪਰ ਅਗੰਮੀ ਖੁਸ਼ੀ ਨਹੀਂ। ਉਨ੍ਹਾਂ ਨੂੰ ਸੰਸਾਰ ਦੁੱਖਾਂ ਦਾ ਘਰ ਤਾਂ ਪ੍ਰਤੀਤ ਹੋ **ਸਕਦਾ ਹੈ, ਸੱਚੇ** ਦੀ ਕੋਠੜੀ ਨਹੀਂ। ਉਹ ਕਰਾਮਾਤ ਰਾਹੀਂ ਕਿਸੇ ਨੂੰ ਗਰਕ ਕਰਨ ਤੇ ਤਾਂ ਤੁਲ ਸਕਦੇ ਹਨ, ਪਰ **ਕਿਸੇ ਦੀ ਭੁੱਲ** ਨੂੰ ਖਿਮਾ ਨਹੀਂ ਕਰ ਸਕਦੇ। ਉਹ ਨੀਵਿਆਂ ਨੂੰ ਦੁਰਕਾਰ ਸਕਦੇ ਹਨ, ਪਰ ਪਤਿਤ ਹੋਇਆਂ **ਦੀ ਬਾਂਹ ਫੜ ਕੇ** ਉੱਪਰ ਨਹੀਂ ਉਠਾ ਸਕਦੇ।

ਸ਼ੁਰੂ ਤੋਂ ਹੀ ਜੋਗੀਆਂ ਤੇ ਗੁਰਮੁਖਾਂ ਦਾ ਇਹ ਅੰਤਰ ਰਿਹਾ ਹੈ। ਕਿਥੇ ਜੋਗੀਆਂ ਦਾ ਸੱਚ-**ਨਾਮ ਤੋਂ ਖ਼ਾਲੀ ਵੈਰਾਗ ਰਸ,** ਕਿਥੇ ਗੁਰਮੁਖਾਂ ਦਾ ਭਉ ਭਾਉ ਭਰਿਆ ਪ੍ਰੇਮ ਰਸ ? ਸ੍ਰੀ ਗੁਰੂ ਅਮਰਦਾਸ ਜੀ ਗੁਰਮੁਖਾਂ **ਦੇ ਧਿਆਨ ਬਾਰੇ** ਇਉਂ ਫ਼ੁਰਮਾਉਂਦੇ ਹਨ :–

ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚਿ ਨਾਮਿ ਚਿਤੁ ਲਾਇਆ ॥
ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ ਹਰਿ ਕਾ ਨਾਮੁ ਮਨਿ ਭਾਇਆ ॥
ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥
ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥੧੧॥

ਸਲੋਕੁ ਮ: ੩, ਗੂਜਰੀ ਕੀ ਵਾਰ, ਪੰਨਾ ੫੧੨

ਜੋਗੀ, ਜਤੀ, ਸਤੀ, ਤਪੱਸਵੀ ਤੇ ਸਿੱਧ ਪ੍ਰਭੂ ਨਾਲ ਧਿਆਨ ਲਾਉਣ ਦੇ ਅਨੇਕ ਸਾਧਨ **ਅਪਣਾਉਂਦੇ** ਆਏ ਹਨ। ਮਾਲਾ ਤੇ ਕਿੰਗੁਰੀ ਦੀ ਸਹਾਇਤਾ ਲਈ, ਸੁੰਨ ਸਮਾਧਿ ਅਵਸਥਾ ਦੀ ਪ੍ਰਾਪਤੀ ਲਈ **ਮਨ ਇਕਾਗਰ** ਕਰ ਕੇ ਬਥੇਰੇ ਜਤਨ ਕੀਤੇ, ਪਰ ਮਨ ਦੀ ਸ਼ਾਂਤੀ ਨਸੀਬ ਨਹੀਂ ਹੋਈ। ਇਸ ਅਸਫਲਤਾ ਤੇ **ਤਰਸ ਖਾ ਕੇ** ਹਜ਼ੂਰ ਉਪਦੇਸ਼ ਕਰਦੇ ਹਨ :–

ਇਤੁ ਕਿੰਗੁਰੀ ਧਿਆਨੁ ਨ ਲਾਗੈ ਜੋਗੀ ਨ ਸਚੁ ਪਲੈ ਪਾਇ ॥
ਇਤੁ ਕਿੰਗੁਰੀ ਸਾਂਤਿ ਨ ਆਵੈ ਜੋਗੀ ਅਭਿਮਾਨੁ ਨ ਵਿਚਹੁ ਜਾਇ ॥੪॥
ਭਉ ਭਾਉ ਦੁਇ ਪਤ ਲਾਇ ਜੋਗੀ ਇਹੁ ਸਰੀਰੁ ਕਰਿ ਡੰਡੀ ॥
ਗੁਰਮੁਖਿ ਹੋਵਹਿ ਤਾਂ ਤੰਤੀ ਵਾਜੈ ਇਨ ਬਿਧਿ ਤ੍ਰਿਸਨਾ ਖੰਡੀ ॥੫॥ ਰਾਮਕਲੀ ਮਹਲਾ ੩, ਪੰਨਾ ੯੦੮

ਐ ਜੋਗੀ ! ਤੇਰੀ ਕਿੰਗੁਰੀ ਤਾਂ ਸਫਲ ਹੈ, ਜੇ ਤੇਰੇ **ਦਸ਼ਮ** ਦੁਆਰ ਵਿਚ ਅਨਹਦ ਸ਼ਬਦ **ਦੀ ਧੁਨੀ ਵਜੇ,** ਵਿਣ ਵਜਾਏ ਵਜੇ। ਇਸ ਅਵਸਥਾ ਦੀ ਪ੍ਰਾਪਤੀ ਲਈ ਸਤ, ਸੰਤੋਖ, ਹੁਕਮ, ਸ਼ਰਧਾ ਤੇ ਭਉ ਭਾਉ **ਜੈਸੇ ਰੱਬੀ** ਗੁਣਾਂ ਨੂੰ ਹਿਰਦੇ ਵਿਚ ਵਸਾਵੇ।

ਭਉ ਭਾਉ ਦੀ ਵਿਸ਼ੇਸ਼ਤਾ ਬਾਰੇ ਗੁਰਬਾਣੀ ਵਿਚ ਅਨੇਕ ਫ਼ੁਰਮਾਨ ਹਨ। ਏਥੇ ਏਨਾ **ਕਹਿਣਾ ਹੀ ਕਾਫ਼ੀ** ਹੈ ਕਿ ਸ਼ਬਦ 'ਭਉ' ਆਗਿਆ ਪਾਲਣੀ, ਪ੍ਰਭੂ ਰਜਾਇ, ਆਚਰਣ ਨਿਯਮਾਵਲੀ, ਸਤਿਕਾਰ, **ਅਨੁਸ਼ਾਸਨ,**


www.AKJ.Org

ਆਦਿਕ ਗੁਣ ਦਰਸਾਉਣ ਲਈ ਹੈ ਤੇ 'ਭਾਉ' ਪ੍ਰੇਮਾ ਭਗਤੀ, ਸ਼ਰਧਾ ਤੇ ਆਤਮ ਸਮੁਰਪਣ ਲਈ। ਭਉ ਭਾਉ ਦਾ ਸੁਮੇਲ ਸਹਜ ਧਿਆਨ ਲਈ ਤਕੜੀ ਨੀਂਹ ਤਿਆਰ ਕਰਦਾ ਹੈ। ਇਸ ਪ੍ਰਕਰਣ ਲਈ ਭਗਤ ਕਬੀਰ ਜੀ ਦਾ ਇਹ ਫੁਰਮਾਨ ਦਿਤਾ ਗਿਆ ਹੈ :-

ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥
ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨੁ ॥੨॥੬੩॥ (ਪੰਨਾ ੩੩੭)

ਕੁਛ ਸੰਪ੍ਰਦਾਵਾਂ ਧਿਆਨ ਲਗਾਉਣ ਤੇ ਲਗਾਤਾਰ ਟਿਕਾਉਣ ਲਈ ਨਸ਼ੇ ਨੂੰ ਇਕ ਮਹੱਤਵ-ਪੂਰਨ ਸਾਧਨ ਸਮਝਦੀਆਂ ਹਨ। ਗਾਡੀ ਰਾਹ ਤੋਂ ਭਟਕੇ ਹੋਏ ਲੋਗ ਸ਼ਰਾਬ, ਭੰਗ, ਅਫ਼ੀਮ, ਪੋਸਤ, ਚਰਸ ਆਦਿ ਨਸ਼ਿਆਂ ਦੀ ਖੁਲ੍ਹਮ ਖੁੱਲਾ ਵਰਤੋਂ ਕਰ ਕੇ ਨੀਮ ਮੁਰਦੇ ਵਾਂਗ ਅਹਿੱਲ ਪਏ ਰਹਿੰਦੇ ਹਨ। ਵਾਸਤਵ ਵਿਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਵਾਹਿਗੁਰੂ ਨਾਲ ਧਿਆਨ ਨਹੀਂ ਲਗਦਾ, ਹਾਂ, ਸੰਸਾਰ ਤੋਂ ਜ਼ਰੂਰ ਟੁੱਟਦਾ ਹੈ। ਸੰਸਾਰ ਤੋਂ ਟੁੱਟੇ ਹੋਏ ਧਿਆਨ ਨੂੰ ਹਰੀ ਨਾਲ ਜੁੜਿਆ ਸਮਝਣਾ ਇਕ ਵਡੀ ਅਗਿਆਨਤਾ ਹੈ। ਨਸ਼ਈ ਆਦਮੀ ਨੂੰ ਖਿਨ ਭਰ ਲਈ ਸੰਸਾਰ ਦੇ ਦੁੱਖ, ਕਲੇਸ਼, ਚਿੰਤਾ, ਗ਼ਮ ਤੋਂ ਛੁਟਕਾਰਾ ਮਿਲ ਜਾਂਦਾ ਹੈ, ਉਹ ਵੀ ਇੰਦਰਿਆਂ ਦੇ ਦਿਮਾਗ ਤੋਂ ਆਪ-ਮੁਹਾਰਾ ਹੋਣ ਕਰਕੇ, ਪਰ ਉਹ ਇਸ ਨੂੰ ਮਸਤੀ, ਖੁਮਾਰੀ ਤੇ ਅਨੰਦ ਦੀ ਪ੍ਰਾਪਤੀ ਸਮਝਦਾ ਹੈ। ਗੁਰਮਤਿ ਅਨੁਸਾਰ ਗਿਆਨ, ਬਿਬੇਕ ਬੁੱਧੀ, ਸ਼ਰਧਾ, ਭਾਵਨਾ, ਪ੍ਰੇਮ ਧਾਰਨ ਕਰਕੇ ਹੀ ਸੱਚੀ ਲਿਵ ਤੇ ਸਹਜ ਧਿਆਨ ਦੀ ਬਖ਼ਸ਼ਸ਼ ਹੁੰਦੀ ਹੈ। ਗੁਰਦੇਵ ਦਾ ਫ਼ੁਰਮਾਨ ਹੈ :-

ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥ ਆਸਾ ਮਹਲਾ ੧, ਪੰਨਾ ੩੬੦

ਅਭਿਆਸੀ ਦਾ ਧਿਆਨ ਉਸ ਦੇ ਮਨ ਦੀ ਅਵਸਥਾ ਤੇ ਨਿਰਭਰ ਕਰਦਾ ਹੈ। ਜੇ ਮਨ ਮੱਤਾ, ਚੰਚਲ, ਤ੍ਰਿਸ਼ਨਾਲੂ ਹੈ; ਮੈਲਾ, ਸੁੱਤਾ, ਕਪਟੀ ਹੈ; ਹੱਠੀ ਕਠੋਰ ਹੰਕਾਰੀ ਹੈ ਤਾਂ ਉਨਮਨੀ ਲਿਵ ਦਾ ਸੁਪਨਾ ਲੈਣਾ ਨਿਰਾਰਥ ਹੈ। ਇਕ ਕਪਟ ਰੋਗ ਨੂੰ ਹੀ ਤੱਕੀਏ। ਇਸ ਦਾ ਗ੍ਰਸਿਆ ਬੰਦਾ ਆਪਣੇ ਧਿਆਨ ਨੂੰ ਕਿਵੇਂ ਨਿਰਮਲ ਤੇ ਪਵਿੱਤਰ ਰਖ ਸਕਦਾ ਹੈ ? ਸੱਪ ਕੁੰਜ ਤਿਆਗ ਦੇਂਦਾ ਹੈ, ਪਰ ਜ਼ਹਿਰ ਨਹੀਂ ਛੱਡਦਾ। ਜਲ ਵਿਚ ਇਕ ਲੱਤ ਦੇ ਭਾਰ ਖੜਾ ਬਗਲਾ ਭਗਤ ਪ੍ਰਤੀਤ ਹੁੰਦਾ ਹੈ, ਪਰ ਉਸ ਦਾ ਧਿਆਨ ਮੈਂਡਕਾਂ (ਡੱਡੂਆਂ) ਵਲ ਹੁੰਦਾ ਹੈ। ਗੁਰਬਾਣੀ ਅਨੁਸਾਰ :-

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥ ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥
ਕਾਹੇ ਕਉ ਕੀਜੈ ਧਿਆਨੁ ਜਪੰਨਾ ॥ ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ਰਹਾਉ॥
ਸਿੰਘਚ ਭੋਜਨੁ ਜੋ ਨਰੁ ਜਾਨੈ ॥ ਐਸੇ ਹੀ ਠਗਦੇਉ ਬਖਾਨੈ ॥੨॥੪॥

ਸ੍ਰੀ ਨਾਮਦੇਉ ਜੀ, ਪੰਨਾ ੪੮੫-੮੬

ਗੁਰਮਤਿ ਅਨੁਸਾਰ ਪੂਰਨ ਸੱਚੇ ਗੁਰੂ ਤੋਂ ਹੀ ਅੰਮ੍ਰਿਤ ਨਾਮ ਦੀ ਦਾਤਿ ਮਿਲਦੀ ਹੈ। ਨਿਗੁਰੇ ਦਾ ਨਾਮ ਜਪਣਾ ਤੇ ਧਿਆਨ ਲਗਾਉਣ ਦਾ ਯਤਨ ਕਰਨਾ ਮਨਮੁੱਖਤਾਈ ਹੈ। ਐਸਾ ਇਨਸਾਨ ਮੂਰਖ ਹੈ ਜਿਹੜਾ ਗੁਰੂ ਦੀ ਆਵੱਸ਼ਕਤਾ ਨੂੰ ਨਾ ਸਮਝਦਾ ਹੋਇਆ, ਆਪਣੀ ਬੁੱਧੀ, ਸਿਆਣਪ ਤੇ ਜੁਗਤੀ ਉਤੇ ਟੇਕ ਰੱਖ ਕੇ ਸਿੱਧਾ ਭਗਵਾਨ ਦੇ ਦਰਸ਼ਨ ਕਰਨ ਦੀ ਗੁਸਤਾਖ਼ੀ ਕਰਦਾ ਹੈ। ਜੇ ਇਸ ਤਰ੍ਹਾਂ ਹੁੰਦਾ ਤਾਂ ਕਬੀਰ ਜੀ ਰਾਮਾਨੰਦ ਜੀ ਨੂੰ ਗੁਰੂ ਬਣਾਉਣ ਦੀ ਵਿਉਂਤ ਨਾ ਬਣਾਉਂਦੇ, ਨਾ ਹੀ ਗੁਰੂ ਅਮਰਦਾਸ ਜੀ ਮਹਾਰਾਜ, ਗੁਰਿਆਂਈ ਪ੍ਰਾਪਤ ਕਰਨ ਤੋਂ


www.AKJ.Org

ਪਹਿਲਾਂ, ਬ੍ਰਹਮਚਾਰੀ ਦੀ ਗੱਲ ਸੁਣ ਕੇ ਪ੍ਰੇਸ਼ਾਨ ਹੁੰਦੇ ਅਤੇ ਗੁਰੂ ਧਾਰਨ ਦੀ ਤੀਬਰ ਇੱਛਾ ਨੂੰ ਅਮਲੀ ਰੂਪ ਵਿਚ ਬਦਲਦੇ। ਇਹ ਵੱਖਰੀ ਗੱਲ ਹੈ ਕਿ ਉਸ ਸਮੇਂ ਤਕ ਵਿਅਕਤੀਗਤ ਗੁਰੂ ਇਕੱਲਾ ਹੀ ਨਾਮ ਪਰਦਾਨ ਕਰਦਾ ਸੀ ਤੇ ਉਸ ਦੇ ਬਾਅਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਤੇ ਅਟੱਲ ਗੁਰਿਆਈ ਦਾ ਦਰਜਾ ਸੌਂਪ ਕੇ, ਤੇ ਉਨ੍ਹਾਂ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕਾ ਕੇ ਨਾਮ ਦੇਣ ਦੀ ਪਵਿੱਤਰ ਰਹੁ-ਰੀਤੀ ਚਲਾਈ। ਇੰਜ ਗੁਰਸਿਖ ਅਖਵਾਉਣ ਵਾਲਾ, ਜੋ ਅੰਮ੍ਰਿਤ ਦੀ ਦਾਤਿ ਤੋਂ ਵੰਚਿਤ ਹੈ, ਕਿਵੇਂ ਗੁਰੂ ਵਾਲਾ ਹੋ ਸਕਦਾ ਹੈ ? ਉਹ ਬੇਮੁਖ, ਮਨਮੁਖ ਭੇਖੀ ਸਿੱਖ ਹੈ, ਜਿਸ ਬਾਰੇ ਗੁਰਵਾਕ ਹੈ :—

ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ ॥
ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥...੧॥੨੩॥

ਸਲੋਕ ਮ: ੪, ਗਉੜੀ ਕੀ ਵਾਰ, ਪੰਨਾ ੩੧੩

ਸ਼ੁਭ ਗੁਣ, ਸੁੱਚਾ ਆਚਰਨ ਆਦਿ ਧਿਆਨ ਦੀ ਪ੍ਰਪੱਕਤਾ ਨੂੰ ਸਥਿਰ ਰਖਦੇ ਹਨ। ਕਾਮ ਕ੍ਰੋਧ ਦੀ ਭਾਵਨਾ ਆਉਂਦਿਆਂ ਹੀ ਦੜ੍ਹੀ ਹੋਈ ਸੁਰਤੀ ਖੇਰੂੰ ਖੇਰੂੰ ਹੋ ਜਾਂਦੀ ਹੈ। ਇਤਿਹਾਸ ਵਿਚ ਕੁਛ ਰਿਸ਼ੀਆਂ ਮੁਨੀਆਂ ਦਾ ਜ਼ਿਕਰ ਆਉਂਦਾ ਹੈ, ਜਿਨ੍ਹਾਂ ਨੇ ਸੰਸਾਰ ਤਿਆਗ ਕੇ ਆਪਣੀਆਂ ਵਾਸ਼ਨਾਵਾਂ ਤੇ ਨਿਯੰਤ੍ਰਣ ਰਖਿਆ, ਪਰ ਪ੍ਰੀਖਿਆ ਸਮੇਂ ਸਰੀਰਕ ਸੁੰਦਰਤਾ ਤੋਂ ਮਾਰ ਖਾ ਗਏ।

ਇਸ ਜੁੱਗ ਵਿਚ ਵਲੀ ਕੰਧਾਰੀ ਦੀ ਹੀ ਤਸਵੀਰ ਵੇਖੀਏ। ਜੇ ਉਸ ਦੇ ਮਨ ਵਿਚ ਈਰਖਾ ਦਾ ਸਾੜਾ ਨਾ ਹੁੰਦਾ, ਦ੍ਵੈਤ ਦੀ ਭਾਵਨਾ ਨਾ ਹੁੰਦੀ, ਹੰਕਾਰ ਦਾ ਕੰਡਾ ਨਾ ਹੁੰਦਾ ਅਤੇ ਕ੍ਰੋਧ ਦੀ ਅਗਨੀ ਨਾ ਹੁੰਦੀ ਤਾਂ ਉਹ ਰੱਬੀ ਜੋਤਿ ਉੱਤੇ ਪੱਥਰ ਸੁੱਟਣ ਦੀ ਭੁੱਲ ਨਾ ਕਰਦਾ। ਇਕ ਦੋ ਔਗੁਣਾਂ ਨੇ ਹੋਰ ਕਈ ਔਗੁਣਾਂ ਨੂੰ ਨਾਲ ਮਿਲਾ ਲਿਆ। ਪਰਉਪਕਾਰੀ ਹੁੰਦਿਆਂ ਵੀ ਉਹ ਪਾਣੀ ਨਾ ਪਿਲਾ ਸਕਿਆ। ਸਾਰਿਆਂ ਵਿਚ ਅੱਲਾ ਦਾ ਰੂਪ ਤੱਕਣ ਵਾਲਾ, ਮਰਦਾਨੇ ਤੇ ਗੁਰੂ ਨਾਨਕ ਦੇਵ ਜੀ ਦੇ ਸਰੀਰ ਤੋਂ ਅੱਗੇ ਨਹੀਂ ਜਾ ਸਕਿਆ। ਉਸ ਦੀ ਅਕਲ ਤੇ ਪੜਦਾ ਪੈ ਗਿਆ ਤੇ 'ਵਿਣੁ ਗੁਣ ਕੀਤੇ ਭਗਤਿ ਨ ਹੋਇ' (ਪੰਨਾ ੪) ਦਾ ਉਪਦੇਸ਼ ਨਸ਼ਟ ਹੋ ਗਿਆ। ਪਰ ਗੋਬਿੰਦ ਮਈ ਗੁਰੂ ਨਾਨਕ ਦੇਵ ਜੀ ਅੱਜ ਮਿਹਰ ਵਿਚ ਆ ਕੇ ਤਰੁੱਠ ਪਏ। ਦੈਵੀ ਗੁਣਾਂ, ਪੰਜ ਮਹਾਨ ਰੱਬੀ ਗੁਣਾਂ ਦੀ ਬਖਸ਼ਸ਼ ਕਰ ਦਿਤੀ, ਪੀਰ ਦੀ ਖੋਟੀ ਮਤ ਤੇ ਅਉਗਣਾਂ ਦਾ ਨਾਸ ਕਰ ਦਿਤਾ। ਹੁਣ ਉਹ ਕੁੰਦਨ ਬਣ ਗਿਆ। ਵਲੀ ਕੰਧਾਰੀ ਦੀ ਅਵਸਥਾ ਦੀ ਤਬਦੀਲੀ ਬਾਰੇ ਹੇਠ ਲਿਖਿਆ ਫੁਰਮਾਨ ਕਿੰਨਾ ਢੁੱਕਦਾ ਹੈ :—

ਗੋਬਿੰਦ ਗੋਬਿੰਦ ਗੋਬਿੰਦ ਮਈ ॥
ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥੧॥ਰਹਾਉ॥
ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ॥
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥੧॥
ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥

ਬਿਲਾਵਲੁ ਮ: ੫, ਪੰਨਾ ੮੨੨

ਨਾਮ ਸਿਮਰਨ ਅਭਿਆਸੀਆਂ ਲਈ, ਅਧਿਕ ਬੋਲਣਾ, ਫੋਕਟ ਗਿਆਨ ਦਾ ਚਰਚਾ ਕਰਨਾ ਜਾਂ ਆਪਣੀ ਅਕਲ ਸਿਆਣਪ ਦਾ ਜ਼ਿਆਦਾ ਪ੍ਰਗਟਾਵਾ ਕਰਨਾ ਰੁਕਾਵਟ ਸਿੱਧ ਹੋ ਸਕਦਾ ਹੈ। ਉਨ੍ਹਾਂ ਉਤੇ 'ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰ ਜਾਹਿ'* ਵਾਲੀ ਅਵਸਥਾ ਤਾਂ ਘਟ ਸਕਦੀ ਹੈ, ਪਰ ਬਿਨਾਂ ਮਤਲਬ ਹੋਰਨਾਂ ਨੂੰ ਉਪਦੇਸ਼ ਦੇਣ ਦੀ ਬਿਰਤੀ ਨੂੰ ਉਤਸ਼ਾਹਤ ਕਰਨਾ ਉਨ੍ਹਾਂ ਨੂੰ ਸ਼ੋਭਦਾ ਨਹੀਂ। ਹਜ਼ੂਰ ਦਾ ਫੁਰਮਾਨ ਹੈ :—

* ਮ: ੧, ਆਸਾ ਕੀ ਵਾਰ, ੧॥੨੦॥ ਪੰਨਾ ੪੭੩



www.AKJ.Org

ਮਸਟਿ ਕਰਉ ਮੂਰਖੁ ਜਗਿ ਕਹੀਆ ॥ ਅਧਿਕ ਬਕਉ ਤੇਰੀ ਲਿਵ ਰਹੀਆ ॥੧॥੧੨॥

ਪ੍ਰਭਾਤੀ ਮਹਲਾ ੧, ਪੰਨਾ ੧੩੩੦

ਕਿੰਨਾ ਸਰਲ ਉਪਦੇਸ਼ ਹੈ। ਜੇ ਮੈਂ ਚੁੱਪ ਰਹਾਂ ਤਾਂ ਸੰਸਾਰ ਮੂਰਖ ਕਹਿੰਦਾ ਹੈ, ਜੇ ਬਹੁਤ ਬੋਲਾਂ ਤਾਂ ਪ੍ਰਭੂ ਤੋਂ ਲਿਵ ਟੁੱਟਦੀ ਹੈ। ਇਸੇ ਕਰਕੇ ਗੁਰਮਤਿ ਵੀਚਾਰ ਲਈ, ਸ਼ੰਕੇ ਦੂਰ ਕਰਨ ਲਈ, ਬਿਬੇਕ ਬੁੱਧੀ ਦੇ ਵਿਕਾਸ ਲਈ, ਪਾਵਨ ਹੁਕਮ ਦ੍ਰਿੜ੍ਹ ਕਰਨ ਲਈ ਤੇ ਚਾਨਣ ਰੂਪ ਗੁਰਬਾਣੀ ਦੁਆਰਾ ਅਗਿਆਨਤਾ ਨਾਸ ਕਰਨ ਲਈ ਗੁਰਮੁਖ ਜਨ ਆਪਣੇ ਵਿਚਾਰ ਗੁਰਬਾਣੀ ਅਧੀਨ ਰੱਖ ਕੇ ਪਰਉਪਕਾਰ ਕਰਦੇ ਹਨ, ਪਰ ਆਪਾ ਜਣਾਉਣ ਤੋਂ ਸੰਕੋਚ ਕਰਦੇ ਹਨ। ਗੁਰੂ ਅਮਰਦਾਸ ਜੀ ਨੇ ਭਗਤਾਂ ਦੀ ਚਾਲ ਨੂੰ, ਸੰਸਾਰ ਤੋਂ ਵੱਖਰੀ, ਅਨੋਖੀ ਕਹਿ ਕੇ ਵਖਾਣਿਆ ਹੈ, ਕਿਉਂਕਿ ਉਹ ਲਬ ਲੋਭ ਅਹੰਕਾਰ ਤ੍ਰਿਸ਼ਨਾ ਆਦਿ ਦਾ ਤਿਆਗ ਕਰ ਕੇ ਬਹੁਤ ਨਾਹੀ ਬੋਲਣ ਨੂੰ ਆਪਣੇ ਅਮਲੀ ਜੀਵਨ ਦਾ ਮਹੱਤਵ-ਪੂਰਨ ਅੰਗ ਬਣਾਉਂਦੇ ਹਨ।

ਵੈਰੀ ਦੇ ਬੁਰੇ ਖ਼ਿਆਲਾਂ ਦਾ ਅਕਸ ਸਾਡੇ ਮਨ ਤੇ ਥੋੜ੍ਹਾ ਪੈਂਦਾ ਹੈ ਜਾਂ ਬਹੁਤ, ਪਰ ਇਹ ਸੱਚ ਹੈ ਕਿ ਸਾਡੇ ਮਨ ਵਿਚ ਵੈਰ ਦੀ ਭਾਵਨਾ ਕ੍ਰੋਧ ਦੀ ਅਗਨੀ ਵਿਚ ਸੜ ਕੇ ਮਨ ਦੀ ਸ਼ਾਂਤੀ ਤੇ ਇਕਾਗਰਤਾ ਭੰਗ ਕਰ ਦਿੰਦੀ ਹੈ, ਬਿਰਤੀ ਦੀ ਅਡੋਲਤਾ ਤੇ ਧਿਆਨ ਦੇ ਸੰਤੁਲਣ ਨੂੰ ਵਿਗਾੜ ਦਿੰਦੀ ਹੈ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਫੁਰਮਾਉਂਦੇ ਹਨ :—

ਜਬ ਧਾਰੈ ਕੋਊ ਬੈਰੀ ਮੀਤੁ ॥ ਤਬ ਲਗੁ ਨਿਹਚਲੁ ਨਾਹੀ ਚੀਤੁ ॥੪॥੧੨॥ (ਪੰਨਾ ੨੭੮)

ਅਗਿਆਨੀ ਪੁਰਸ਼ ਆਪਣੀ ਮੂਰਖਤਾ ਕਾਰਨ ਸੱਜਣ ਪੁਰਸ਼ਾਂ ਨੂੰ ਦੁਰਜਨ ਬਣਾ ਲੈਂਦਾ ਹੈ, ਜਦ ਕਿ ਪੂਰਨ ਬਿਬੇਕੀ, ਵੈਰੀਆਂ ਨੂੰ ਮਿੱਤਰ ਤੇ ਬਗਾਨਿਆਂ ਨੂੰ ਆਪਣਾ ਬਣਾ ਕੇ ਸਮਦ੍ਰਿਸ਼ਟੀ ਦੀ ਉੱਚੀ ਅਵਸਥਾ ਨੂੰ ਡੋਲਣ ਨਹੀਂ ਦਿੰਦਾ। ਗੁਰਬਾਣੀ ਦੇ ਕਈ ਫੁਰਮਾਨ ਵੈਰੀ ਨੂੰ ਮਿੱਤਰ ਵਿਚ ਬਦਲਣ ਲਈ ਹਨ, ਨਾ ਕਿ ਵੈਰੀ ਨੂੰ ਮਾਰਨ ਲਈ।

ਗੁਰੂ ਕਲਗੀਧਰ ਪਾਤਸ਼ਾਹ ਦੇ ਅਨਿੰਨ ਸਿੱਖ, ਬ੍ਰਹਮ ਗਿਆਨੀ ਦੀ ਸਾਕਾਰ ਮੂਰਤਿ, ਭਾਈ ਕਨ੍ਹਈਆ ਜੀ ਨੇ ਜੰਗ ਦੇ ਮੈਦਾਨ ਵਿਚ ਸਿੱਖਾਂ ਤੇ ਮੁਗਲ ਸਿਪਾਹੀਆਂ ਵਿਚ ਕੇਵਲ ਅੱਲਾ ਦਾ ਨੂਰ ਨਿਹਾਰਦਿਆਂ, ਬਿਨਾਂ ਵਿਤਕਰੇ ਨਵੀਂ ਜ਼ਿੰਦਗੀ ਪਰਦਾਨ ਕਰਨ ਲਈ ਜਿਸ ਤਰ੍ਹਾਂ ਜਲ ਪਿਲਾਉਣ ਦੀ ਸੇਵਾ ਕੀਤੀ ਹੈ, ਉਸ ਨੂੰ ਤੱਕਦਿਆਂ ਜੇ ਅਸੀਂ ਐਸੇ ਗੁਰਸਿੱਖ ਨੂੰ ਰੈਡ-ਕਰਾਸ (Red Cross) ਸੰਸਥਾ ਦਾ ਜਨਮ-ਦਾਤਾ ਜਾਂ ਬਾਨੀ (Founder) ਆਖੀਏ ਤਾਂ ਇਸ ਵਿਚ ਰੱਤੀ ਭਰ ਭੀ ਅੱਤ-ਕਥਨੀ ਨਹੀਂ ਹੋਵੇਗੀ। ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਤੇ ਸੁਰਤੀ ਦਾ ਘੇਰਾ ਬਹੁਤ ਵਿਸ਼ਾਲ ਹੁੰਦਾ ਹੈ, ਜਿਸ ਬਾਰੇ ਗੁਰਦੇਵ ਜੀ ਨੇ ਪਹਿਲਾਂ ਹੀ ਫੁਰਮਾਇਆ ਸੀ :—

ਬ੍ਰਹਮ ਗਿਆਨੀ ਕਾ ਭੋਜਨੁ ਗਿਆਨੁ ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥੮॥

ਸੁਖਮਨੀ ਸਾਹਿਬ, ਪੰਨਾ ੨੭੩

---

[ਸਫ਼ਾ ੧੭ ਦੀ ਬਾਕੀ]

ਕਦੇ ਕਦੇ ਪੂਰਨਤਾ ਦੀ ਸਿਖਰ ਛੁਹ ਕੇ ਵੀ ਸਿਖ ਨੇ ਗੁਰਤਾ ਨਾਲੋਂ ਸਿੱਖੀ ਨੂੰ ਹੀ ਤਰਜੀਹ ਦਿੱਤੀ। ਭਾਈ ਪਾਰੋ ਜੁਲਕਾ ਗੁਰੂ ਅਰਜਨ ਦੇਵ ਜੀ ਦਾ ਥਾਪਿਆ ਪ੍ਰਚਾਰਕ ਸੀ, ਜਿਸ ਨੇ ਸਿੱਖੀ ਦਾ ਬੜਾ ਪ੍ਰਚਾਰ ਕੀਤਾ। ਗੁਰੂ ਅਰਜਨ ਦੇਵ ਜੀ ਉਸ ਦੀ ਸੇਵਾ ਘਾਲਨਾ ਤੋਂ ਬੜੇ ਪ੍ਰਸੰਨ ਹੋ ਕਹਿਣ ਲੱਗੇ, "ਤੁਹਾਡੀ ਸੇਵਾ ਤੇ ਅਸੀਂ ਬੜੇ ਖ਼ੁਸ਼ ਹਾਂ। ਜੀ ਕਰਦਾ ਏ ਗੁਰਿਆਈ ਤੁਹਾਨੂੰ ਦੇ ਦੇਈਏ।" ਤਦ ਭਾਈ ਪਾਰੋ ਬੋਲੇ, "ਸੱਚੇ ਪਾਤਸ਼ਾਹ, ਮੈਨੂੰ ਸਿੱਖੀ ਹੀ ਚੰਗੀ ਲਗਦੀ ਹੈ। ਗੁਰਤਾ ਤਾਂ ਸਤਿਗੁਰੂ ਨੂੰ ਹੀ ਸੋਭਦੀ ਹੈ।[1]

ਸਿੱਖੀ ਆਪਣੇ ਆਪ, ਜਾਂ ਅਪਣੇ ਉੱਦਮ ਆਸਰੇ ਨਹੀਂ ਪ੍ਰਾਪਤ ਹੁੰਦੀ। ਇਹ ਤਾਂ ਸਤਿਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ। ਇਸੇ ਲਈ ਅਰਦਾਸ ਵਿਚ ਸਤਿਗੁਰਾਂ ਪਾਸੋਂ ਇਸਦੀ ਉਚੇਰੀ ਯਾਚਨਾ ਕੀਤੀ ਗਈ ਹੈ।

---

੧. ਮੋ ਕਉ ਗੁਰ ਸਿਖੀ ਮਨ ਭਾਵੈ ॥ ਗੁਰਿਆਈ ਸਤਿਗੁਰੂ ਸੁਹਾਵੈ।
ਇਹ ਕਹਿ ਕੇ ਚਰਨਨ ਗਿਰ ਪਇਆ। ਮੋਹੁ ਸਿਖ ਰਖਹੁ ਸਤਿਗੁਰ ਕਰ ਮਇਆ।


www.AKJ.Org

# ਸਿੱਖਾਂ ਨੂੰ ਸਿੱਖੀ ਦਾਨ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਅਕਾਲ ਪੁਰਖ ਦੀ ਪ੍ਰੇਰਨਾ ਸਦਕਾ ਜੋ ਧਰਮ ਗੁਰੂ ਨਾਨਕ ਦੇਵ ਜੀ ਨੇ ਪ੍ਰਚਲਤ ਕੀਤਾ, ਉਸ ਦਾ ਨਾਮ ਸਿਖ ਧਰਮ ਹੈ। ਇਸ ਧਰਮ ਦੀ ਰਹੁ-ਰੀਤਿ ਦਾ ਨਾਮ ਸਿੱਖੀ ਹੈ। ਇਸ ਨਾਤੇ, ਸਿੱਖੀ ਗੁਰੂ-ਕਰਤਾਰ ਦੀ ਸਿਖਿਆ ਅਨੁਸਾਰ ਜੀਵਨ ਬਿਤੀਤ ਕਰਨ ਦੀ ਵਿਧੀ ਹੈ।[੧]

ਸੰਸਾਰ ਵਿਚ, ਵਿਸ਼ੇਸ਼ ਕਰ ਭਾਰਤ ਦੇਸ ਵਿਚ ਛੇ ਸ਼ਾਸਤ੍ਰਾਂ ਦਾ ਬੜਾ ਬੋਲ-ਬਾਲਾ ਸੀ। ਪਰ ਗੁਰੂ ਦਾ ਸ਼ਾਸਤ੍ਰ (ਧਰਮ) ਗੁਰੂ ਅਮਰਦਾਸ ਜੀ ਅਨੁਸਾਰ ਛਿਆਂ ਦਰਸ਼ਨਾਂ ਤੋਂ ਉੱਚਾ ਤੇ ਅਦੁੱਤੀ ਹੈ, ਕਿਉਂਕਿ ਇਸ ਰਾਹੀਂ ਕਰਤਾਰ ਮਨ ਅੰਦਰ ਆ ਵਸਦਾ ਹੈ ਤੇ ਇਉਂ ਇਹ ਮੁਕਤੀ ਦਾ ਸਾਧਨ ਬਣਦਾ ਹੈ।[੨]

ਐਸੇ "ਗੁਰਮੁਖ ਗਾਡੀ ਰਾਹ" ਦਾ ਨਾਮ ਸਿੱਖੀ ਹੈ। ਇਹ ਮਾਰਗ ਕਿਸੇ ਇਕ ਜਾਤੀ ਜਾਂ ਸ਼੍ਰੇਣੀ ਲਈ ਨਹੀਂ, ਸਮੁੱਚੇ ਮਨੁੱਖ ਮਾਤ੍ਰ ਵਾਸਤੇ ਹੈ। ਜੋ ਵੀ ਪ੍ਰਾਣੀ ਸਤਿਗੁਰਾਂ ਦੇ ਉਪਦੇਸ਼ ਨੂੰ ਗ੍ਰਹਿਣ ਕਰਦਾ ਹੈ, ਉਹ ਇਸ ਧਰਮ ਵਿਚ ਸਹੋਦਰ ਭਾਈ ਦਾ ਦਰਜਾ ਰਖਦਾ ਹੈ। ਸਾਰੇ ਮਨੁੱਖ ਮਾਤ੍ਰ ਨੂੰ ਇਸ ਤਰ੍ਹਾਂ ਦੇ ਨਾਤੇ ਵਿਚ ਬੰਨ੍ਹ ਕੇ ਆਪੋ ਵਿਚ ਜੋੜ ਦੇਣਾ ਹੀ ਸਤਿਗੁਰਾਂ ਦਾ ਉਦੇਸ਼ ਸੀ।[੩]

ਭਗਤ ਰਤਨਾਵਲੀ ਵਿਚ ਭਾਈ ਫਿਰਣੇ ਤੇ ਜੋਧ ਨੂੰ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ "ਮਨ ਨੀਵੇਂ ਕਰ ਸਿਖੀ ਪ੍ਰਾਪਤ ਹੁੰਦੀ ਹੈ, ਜੋ ਤੁਸਾਡੇ ਸਰੀਰ ਪਾਸੋਂ ਸੇਵਾ ਸਿਖਾਂ ਦੀ ਹੋਇ ਆਵੇ ਸੋ ਕਰਨੀ ਤੇ ਪਿਛਲੀ ਰਾਤ ਉਠ ਕੇ ਅਸਨਾਨ ਕਰ ਕੇ ਸ਼ਬਦ ਦਾ ਅਭਯਾਸ ਕਰਨਾ ਤੇ ਵਾਹਿਗੁਰੂ ਨੂੰ ਸ੍ਵਾਮੀ ਅਤੇ ਆਪ ਨੂੰ ਸੇਵਕ ਜਾਣਨਾ ਤੇ ਸਾਧੂ ਸੰਗਤਿ ਵਿਚ ਜਾਇਕੈ ਪ੍ਰੀਤਿ ਕਰ ਕੇ ਗੁਰੂ ਕਾ ਸ਼ਬਦ ਸੁਣਨਾ ਤੇ ਆਪਸ ਵਿਚ ਬਾਣੀ ਦਾ ਮੰਨਣ ਕਰਨਾ।"[੪] ਇਥੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਿੱਖੀ ਨਿਮ੍ਰਤਾ, ਸੇਵਾ, ਸਿਮਰਨ ਆਦਿ ਜਹੇ ਗੁਣਾਂ ਤੋਂ ਉਪਜਦੀ ਤੇ ਭ੍ਰਾਤੀ ਭਾਵਨਾ ਨਾਲ ਸਾਧ ਸੰਗਤ ਵਿਚ ਪ੍ਰਫੁੱਲਤ ਹੁੰਦੀ ਹੈ। ਸਿੱਖੀ ਦੇ ਏਹੋ ਜਹੇ ਹੀ ਲੱਛਣ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਚੂਹੜ ਨੂੰ ਦ੍ਰਿੜ੍ਹ ਕਰਵਾਏ ਸਨ।[੫]

ਭਾਈ ਚਉਪਾ ਸਿੰਘ ਦੇ ਰਹਿਤਨਾਮੇ ਵਿਚ ਸਿੱਖੀ ਦਾ ਇਕ ਸਵਿਸਥਾਰ ਚਿਤ੍ਰਣ ਹੈ, ਜੋ ਇਸ ਪ੍ਰਕਾਰ ਹੈ :

| | | | |
|---|---|---|---|
| ਸਿੱਖੀ ਕੇਸਾਂ ਸ੍ਵਾਸਾਂ ਕੀ, | ਚਰਚਾ ਸ਼ਬਦ ਕਾ, | ਫਲ ਸੰਗਤਿ ਕਾ, | ਬੀਜ ਕਰਮਾਂ ਕਾ, |
| ਬੀਚਾਰ ਗੁਰਮਤਿ ਕਾ, | ਕਿਰਤ ਧਰਮ ਕੀ, | ਹਥਿਆਰ ਜਤ ਕਾ, | ਵਾਕ ਸਤ ਕਾ, |
| ਭਾਗ ਪੂਰਬ ਕਾ, | ਜਸ ਦੇਗ ਕਾ, | ਪੂਜਾ ਅਕਾਲ ਕੀ, | ਦੂਜਾ, ਸ਼ਸਤ੍ਰ ਕੀ, |
| ਸਾਖ ਪੁੰਨ ਕੀ, | ਖੁਸ਼ਬੋਈ ਸਿਖੀ ਕੀ, | ਸੋਭਾ ਸੇਵਾ ਕੀ, | ਸ਼ੀਰੀਂ ਬਚਨ ਕੀ, |
| ਲਾਜ ਨੈਣ ਕੀ, | ਹਯਾ ਅਖੀਂ ਕੀ, | ਘੁੰਡ ਪਰਜਾਰਿ ਕਾ, | ਗ੍ਰਹਸਤ ਭਲੀ ਨਾਰਿ ਕਾ, |
| ਰਹਿਣਾ ਹਜ਼ੂਰੀ ਕਾ, | ਮੰਨਣਾ ਕੁਲ ਕਾ, | ਹੁਕਮ ਗੁਰੂ ਕਾ, | ਸੇਵਕੀ ਸਿਖ ਕੀ, |

੧. ਗੁਰ ਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰ ਸਿਖ ਕਰਣਾ। — ਭਾ: ਗੁਰਦਾਸ, ਵਾਰ 28 : 10

੨. ਖਟੁ ਦਰਸਨ ਵਰਤੈ ਵਰਤਾਰਾ। ਗੁਰ ਕਾ ਦਰਸਨੁ ਅਗਮ ਅਪਾਰਾ।
ਗੁਰ ਕੈ ਦਰਸਨਿ ਮੁਕਤਿ ਗਤਿ ਹੋਇ। ਸਾਚਾ ਆਪਿ ਵਸੈ ਮਨਿ ਸੋਇ। —ਆਸਾ ਮ: ੩ (360/19)

੩. ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ। —ਸਿਰੀਰਾਗੁ ਮ: ੧ (72/8)

੪. ਭਗਤ ਰਤਨਾਵਲੀ, ਟੀਕਾ 14ਵੀਂ ਪੌੜੀ ਦਾ।

੫. ਬਚਨ ਹੋਆ "ਮਨ ਨੀਵਾਂ, ਸੇਵਾ ਟਹਲ, ਸਾਧੂ ਸੰਗਤਿ ਕਾ ਸੰਗ, ਸ਼ਬਦ ਕਾ ਅਭਿਆਸ, ਸਮਝ (ਗਯਾਨ), ਜਿਸ ਨੇ ਜੰਗਤ ਕੋ ਝੂਠ ਅਤੇ ਪਰਮਾਤਮਾ ਕੋ ਸੱਤਿ ਜਾਤਾ ਹੈ ਸੋ ਸਿਖ ਹੈ। ਤੁਸਾਂ ਸਾਰੇ ਇਕ ਵਾਹਿਗੁਰੂ ਨੋ ਜਾਣਨਾ।"
— ਭਗਤ ਰਤਨਾਵਲੀ ਟੀਕਾ 31ਵੀਂ ਪੌੜੀ ਦਾ।

www.AKJ.Org

| | | | |
|---|---|---|---|
| ਆਗਿਆ ਗ੍ਰੰਥ ਕੀ, | ਦੀਦਾਰ ਖ਼ਾਲਸੇ ਕਾ, | ਜਾਗਣਾ ਹਰਿਜਸ ਕਾ, | ਇਸਨਾਨ ਕੇਸਾਂ ਕਾ |
| ਤਿਆਗਣਾ ਵਿਕਾਰਾਂ ਕਾ, | ਵਰਤੰਣ ਸੁਚੇਤੀ ਕੀ, | ਬੋਲਣਾ ਮਿਰਜਾਦਾ ਕਾ, | ਰਹਿਤ ਰਿਦੈ ਕੀ, |
| ਬਿਬੇਕ ਮੰਨਣ ਕਾ, | ਸੇਵਾ ਸਿਖ ਕੀ, | ਸਿਖ ਗੁਰੂ ਕਾ, | ਪ੍ਰੀਤ ਗੁਰ-ਭਾਈ ਕੀ, |
| ਟਹਿਲ ਮਾਤਾ ਪਿਤਾ ਕੀ, | ਪੜ੍ਹਨਾ ਸ਼ੌਕ ਕਾ, | ਗਾਵਣਾ ਕੰਠ ਕਾ, | ਜੀਤਣਾ ਮਨ ਕਾ, |
| ਸਿਰਦਾਰੀ ਟਹਿਲ ਕੀ, | ਭਾਉ ਅੰਦਰ ਕਾ, | ਵੰਡ ਖਾਣਾ ਹੋਂਦੇ ਦਾ, | ਚਿਤਵਣੀ ਭਲਿਆਈ ਦੀ, |
| ਮਾਰਨਾ ਪਾਪਾਂ ਦਾ, | ਵਰਤਣ ਜੁਗਤਿ ਦੀ, | ਅਮਲ ਪ੍ਰਸਾਦ ਦਾ, | ਜੁੱਧ ਜੁਟੇ ਕਾ, |
| ਬਲ ਸ਼ਬਦ ਕਾ, | ਵਾਧਾ ਧਰਮ ਕਾ, | ਨਾਤਾ ਸਿਖੀ ਕਾ, | ਤ੍ਰਿਸ਼ਨਾ ਭਜਨ ਕੀ। |

ਏਡੇ ਵੇਰਵੇ ਵਿਚੋਂ ਜੋ ਗੱਲਾਂ ਨਿਤਰ ਕੇ ਆਉਂਦੀਆਂ ਹਨ, ਉਹ ਇਹ ਹਨ :

੧. **ਸਿਖੀ** : ਕੇਸਾਂ ਸੁਆਸਾਂ ਦੀ ਹੈ, ਅਥਵਾ ਰਹਿਤ ਨੂੰ ਜ਼ਿੰਦਗੀ ਨਾਲੋਂ ਪਿਆਰਾ ਮੰਨਣ ਦੀ ਹੈ। ਰਹਿਤ ਵੀ ਵਿਖਾਵੇ ਦੀ ਨਹੀਂ, ਰਿਦੇ ਦੀ ਹੈ, ਅੰਦਰ ਦੇ ਭਾਉ ਦੀ, ਮੰਨਣ ਦੇ ਬਿਬੇਕ ਦੀ; ਜਿਸ ਵਿਚੋਂ ਸੁਚੇਤੀ ਦੀ ਵਰਤਣ, ਪੁੰਨ ਦੀ ਸਾਖ, ਸਤ ਬਚਨਾਂ ਦੀ ਮਿੱਠਤ ਤੇ ਭਲਿਆਈ ਦੀ ਚੇਤਨਾ ਉਮਲ੍ਹਦੀ ਹੈ।

੨. **ਪੂਜਾ** : ਇਕ ਅਕਾਲ ਦੀ, ਦੂਜਾ ਸ਼ਸਤ੍ਰ ਦੀ, ਜੋ ਉਸੇ ਅਕਾਲ ਪੁਰਖ ਦੀ ਸਰਬ-ਸ਼ਕਤੀਮਾਨਤਾ ਦੇ ਪ੍ਰਤੀਕ ਹਨ। ਇਹ ਭਗਤੀ ਤੇ ਸ਼ਕਤੀ ਦੀ ਰਲਵੀਂ ਪੂਜਾ ਹੈ। ਭਗਤੀ ਉਹ ਹੈ ਜੋ ਵਿਹਾਰ ਵਿਚ ਗੁਰਮਤਿ ਦਾ ਵੀਚਾਰ, ਸ਼ਬਦ ਦਾ ਚਰਚਾ, ਗੁਰੂ ਦਾ ਹੁਕਮ ਤੇ ਗ੍ਰੰਥ ਦੀ ਆਗਿਆ ਹੋ ਕੇ ਵਰਤਦੀ ਹੈ। ਸ਼ਕਤੀ ਉਹ ਹੈ ਜੋ ਜੁੱਧ ਵਿਚ ਜੂਝਣ ਦਾ ਚਾਉ ਹੋ ਕੇ ਵਰਤਦੀ, ਮਨ ਨੂੰ ਜਿਤਦੀ ਤੇ ਵਿਕਾਰਾਂ ਦਾ ਖੰਡਨ ਕਰਦੀ ਹੈ।

੩. **ਉਪਜੀਵਕਾ** : ਧਰਮ ਦੀ ਕਿਰਤ ਰਾਹੀਂ। ਬਿਨਾ ਪ੍ਰਸਾਦ ਦੇ ਹੋਰ ਅਮਲ ਨਾ ਰਖਣਾ। ਘਾਲ ਕਮਾਈ 'ਚੋਂ ਲੋੜਵੰਦਾਂ ਨਾਲ ਵੰਡ ਕੇ ਛਕਣਾ, ਤੇ ਦੇਗ ਦਾ ਜੱਸ ਕਾਇਮ ਕਰਨਾ। ਆਏ ਗਏ ਦੀ ਸੇਵਾ ਕਰਨੀ। ਦੇ ਕੇ ਖੁਸ਼ ਹੋਣਾ, ਮੰਗਣ ਤੋਂ ਲੱਜਾਣਾ। ਸੇਵਾ ਦੀ ਸੋਭਾ ਤੇ ਟਹਿਲ ਦੀ ਸਿਰਦਾਰੀ ਸਥਾਪਿਤ ਕਰਨੀ।

੪. ਨਾਤਾ : ਸਿੱਖੀ ਦਾ। ਗ੍ਰਹਸਤ ਵਿਚ ਵਿਚਰਨਾ, ਪਰ-ਨਾਰੀ ਦਾ ਤਿਆਗ ਕਰਨਾ। ਗੁਰਭਾਈਆਂ ਨਾਲ ਪ੍ਰੀਤ ਪਿਆਰ ਵਧਾਉਣਾ। ਖ਼ਾਲਸੇ ਵਿਚੋਂ ਸਤਿਗੁਰੂ ਦਾ, ਤੇ ਸੰਗਤ ਵਿਚੋਂ ਪਰਮੇਸ਼ਰ ਦਾ ਦੀਦਾਰ ਪ੍ਰਾਪਤ ਕਰਨਾ।

ਐਸੀ ਜੀਵਨ-ਜੁਗਤ ਨਾਲ ਧਰਮ ਦਾ ਵਾਧਾ ਕਰਨਾ ਤੇ ਸਿੱਖੀ ਦੀ ਮਹਿਕ ਖਿਲਾਰਨੀ–ਏਹੋ ਸਿੱਖੀ ਦੀ ਪਰਿਭਾਸ਼ਾ ਹੈ।[੧]

ਭਾਈ ਸਾਹਿਬ ਭਾ: ਸੰਤੋਖ ਸਿੰਘ ਜੀ ਨੇ ਸਿੱਖੀ ਪੰਜ ਪ੍ਰਕਾਰ ਦੀ ਦੱਸੀ ਹੈ :

ਧੰਧੇ ਕੀ, ਇਕ ਦੇਖਾ ਦੇਖੀ। ਹਿਰਸੀ ਤ੍ਰੈ, ਸਿਦਕੀ ਅਵਰੇਖੀ। ਪੰਚਮ ਅਹੈ ਭਾਵ ਕੀ ਭਲੇ।...

—ਗੁਰ ਪ੍ਰਤਾਪ ਸੂਰਜ, ਰੁਤ ੩, ਅੰਸੂ ੩੪

ਇਨ੍ਹਾਂ ਪੰਜਾਂ ਪ੍ਰਕਾਰਾਂ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਜਾਂਦੀ ਹੈ :

੧. **ਧੰਧੇ ਦੀ** : ਇਮ ਜਿਮ, ਨਿਗੁਰੀ, ਮਤਲਬ ਦੀ।

੨. **ਦੇਖਾ ਦੇਖੀ ਦੀ** : ਭੇਡ ਚਾਲ ਦੀ, ਸ਼ਬਦ ਦੇ ਪਰਿਚੇ ਬਿਨਾ ਦੂਜਿਆਂ ਨੂੰ ਵੇਖ ਵੇਖ, ਜਿਵੇਂ ਹੋਰ ਸਿਖ ਕਰਨ ਉਵੇਂ ਕਰੀ ਜਾਣਾ।

੩. **ਹਿਰਸੀ** : ਪਦਾਰਥਾਂ ਦੇ ਲੋਭ ਵਿਚ ਖਚਿਤ, ਆਪੇ ਦੀ ਸੋਝੀ ਤੋਂ ਖ਼ਾਲੀ, ਗੁਰਮਤਿ ਦੀ ਸਿਖਿਆ ਤੋਂ ਵਿਹੀਨ।

੪. **ਸਿਦਕੀ** : ਗੁਰੂ ਤੇ ਅਨਿੰਨ ਵਿਸ਼ਵਾਸ ਵਾਲੀ, ਸੰਕਟ ਵੇਲੇ ਵੀ ਸਿਦਕ ਕਾਇਮ ਰਖਣ ਵਾਲੀ, ਸਰੀਰ ਨੂੰ ਮਿਥਿਆ ਜਾਣ ਕੇ ਆਦਰਸ਼ਾਂ ਤੋਂ ਨਿਛਾਵਰ ਕਰਨ ਵਾਲੀ।

੧. ਸੰਖੇਪ ਵਿਚ ਸਿੱਖੀ ਦੀ ਪਰਿਭਾਸ਼ਾ ਗੁਰੂ ਦੇ ਵਿਚਾਰ ਅਨੁਸਾਰ ਸਿਖਿਆ ਸਿਖਣੀ ਹੈ :
ਸਿਖੀ ਸਿਖਿਆ ਗੁਰ ਵੀਚਾਰਿ ॥ —ਆਸਾ ਦੀ ਵਾਰ, ਮ: ੧ (465/10)

੫. **ਭਾਵਨਾ ਵਾਲੀ** :–ਹਰ ਵੇਲੇ ਲਿਵ-ਤਾਰ ਵਿਚ ਜੁੜੀ ਸੁਰਤਿ ਵਾਲੀ। ਸਤਿਗੁਰਾਂ ਦੀ ਸਿਫਤ-ਸਲਾਹ ਵਾਲੀ। ਗੁਰਭਾਈਆਂ ਨਾਲ ਪ੍ਰੇਮ-ਭਾਵ ਵਾਲੀ।

ਅਰਦਾਸ ਵਿਚ ਜਿਸ ਸਿੱਖੀ ਦੀ ਮੰਗ ਕੀਤੀ ਜਾਂਦੀ ਹੈ, ਉਹ ਸਿਦਕ ਤੇ ਭਾਵਨਾ ਵਾਲੀ ਸਿੱਖੀ ਹੈ–ਸਿੱਖੀ ਸਿਦਕ ਨੂੰ ਕੇਸਾਂ-ਸਵਾਸਾਂ ਨਾਲ ਨਿਭਾਉਣ ਦੀ। ਐਸੀ ਉੱਤਮ ਸਿੱਖੀ ਦਾ ਦਾਨ ਕੇਵਲ ਆਪਣੇ ਲਈ ਹੀ ਨਹੀਂ, ਅਰਦਾਸ ਵਿਚ ਸਾਰੇ ਸਿੱਖਾਂ ਲਈ ਮੰਗਿਆ ਜਾਂਦਾ ਹੈ।

ਗੁਰਸਿੱਖੀ ਬੜੀ ਕਠਨ ਘਾਲਨਾ ਹੈ। ਇਸ ਨੂੰ ਖੰਡੇ ਦੀ ਧਾਰ ਤੇ ਤੁਰਨ ਨਾਲ ਉਪਮਾਇਆ ਗਿਆ ਹੈ :

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ। ਰਾਮਕਲੀ ਮ: ੩, (918/19)

ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।

ਓਥੈ ਟਿਕੈ ਨ ਭੁਣਹਣਾ, ਚੱਲ ਨ ਸਕੈ ਉੱਪਰ ਕੀੜੀ। ਭਾ: ਗੁਰਦਾਸ, ਵਾਰ ੧੧-੫

ਇਸ ਖੰਡੇਧਾਰ ਮਾਰਗ ਤੇ ਮਾਨ, ਮੋਹ, ਮੇਰ ਤੇਰ, ਸਭ ਵਰਜਿਤ ਹੈ।[੧] ਇਥੇ ਮਨ ਦੀ ਮਤ ਤਿਆਗ ਕੇ, ਦੂਜਾ ਭਾਉ ਵਿਸਾਰ ਕੇ ਗੁਰੂ ਦੀ ਮੱਤ ਅਨੁਸਾਰ ਚਲਣ ਦਾ ਆਦੇਸ਼ ਹੈ :

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ।

ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ। ਸੂਹੀ ਮ: ੫ (763/4)

ਇਤਿਹਾਸ ਵਿਚ ਆਉਂਦਾ ਹੈ, ਭਾਈ ਚੂਹੜ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਹਾਜ਼ਰ ਹੋਇਆ ਤੇ ਅਰਜ਼ ਗੁਜ਼ਾਰੀ, "ਸੱਚੇ ਪਾਤਸ਼ਾਹ, ਸਿੱਖੀ ਦੇ ਬੂਟੇ ਦੀ ਸੋਝੀ ਬਖ਼ਸ਼ੋ।" ਗੁਰਦੇਵ ਬੋਲੇ, "ਸਿੱਖੀ ਦੀ ਜੜ੍ਹ ਨਿਮ੍ਰਤਾ ਹੈ। ਜੇ ਨਿਮ੍ਰਤਾ ਨਹੀਂ ਤਾਂ ਸਿੱਖੀ ਦਾ ਬੀਜ ਪ੍ਰਫੁਲਤ ਨਹੀਂ ਹੁੰਦਾ। ਸੇਵਾ ਟਹਿਲ ਸਿੱਖੀ ਦਾ ਟਾਹਣ ਹੈ। ਉਦਮ ਨਾਲ, ਉਮਾਹ, ਨਾਲ ਕ੍ਰਿਆਸ਼ੀਲ ਹੋ ਕੇ ਸੇਵਾ ਕਰਨੀ। ਜਿਵੇਂ ਭਾਈ ਮੰਝ[੨] ਨੇ ਕੀਤੀ, ਭਾਈ ਬਹਿਲੋ[੩] ਨੇ ਕੀਤੀ, ਭਾਈ ਸਾਹਲੋ[੪] ਨੇ ਕੀਤੀ। ਪੱਤਰ ਸਾਧ ਸੰਗਤ ਹੈ–ਇਸ ਦੀ ਘਣ-ਪਤਰੀ ਛਾਂ ਵਿਚ ਹੀ ਠੰਢਕ ਹੈ। ਫੁੱਲ ਸ਼ਬਦ ਦੀ ਸੋਝੀ ਹੈ–ਇਸ ਤੋਂ ਹੀ ਅੰਦਰਾ ਖਿੜਦਾ ਹੈ, ਜੀਵਨ ਮਹਿਕਦਾ ਹੈ। ਫੱਲ, ਦੇਹ ਵਿਚ ਵਿਦੇਹ ਦੀ ਪ੍ਰਾਪਤੀ ਹੈ।"

ਪੂਰਾ ਗੁਰਸਿਖ ਹੋਣਾ ਕਿਤਨਾ ਕਠਨ ਹੈ, ਇਹ ਗੁਰੂ ਅਰਜਨ ਦੇਵ ਜੀ ਨੇ ਦੱਸਿਆ। ਉਨ੍ਹਾਂ ਦੇ ਦਰਬਾਰ ਵਿਚ ਇਕ ਵੇਰਾਂ ਪ੍ਰਸ਼ਨ ਹੋਇਆ, "ਸੱਚੇ ਪਾਤਸ਼ਾਹ, ਆਪ ਦੀ ਨਿਗਾਹ ਵਿਚ ਪੂਰਨ ਗੁਰਸਿਖ ਕਿਤਨੇ ਹਨ?" ਗੁਰੂ ਜੀ ਉੱਤਰ ਦਿੱਤਾ, "ਸਾਢੇ ਚਾਰ!" ਫਿਰ ਪਹਿਲੇ ਚਹੁੰਆਂ ਗੁਰੂ ਸਾਹਿਬਾਂ ਦਾ ਨਾਮ ਲੈ ਕੇ ਬੋਲੇ, "ਇਹ ਚਾਰ ਤੇ ਅੱਧਾ-ਅਧੂਰਾ ਮੈਂ, ਜੋ ਅਜੇ ਵੀ ਪੂਰਾ ਸਿਖ ਬਣਨ ਲਈ ਜਤਨ-ਸ਼ੀਲ ਹਾਂ।"

ਸਿੱਖੀ ਵਿਚ ਇਕ ਅਲੌਕਾਰ ਪਰੰਪਰਾ ਹੈ : ਇਥੇ ਜਦੋਂ ਸਿਖ ਪੂਰਨਤਾ ਦੀਆਂ ਸਿਖਰਾਂ ਨੂੰ ਛੁਹਿੰਦਾ ਹੈ ਤਾਂ ਉਹ ਗੁਰੂ ਹੋ ਨਿਬੜਦਾ ਹੈ। ਐਸੇ ਸਿਖ ਨੂੰ ਆਪਣਾ ਉੱਤਰ-ਅਧਿਕਾਰੀ ਗੁਰੂ ਥਾਪ ਕੇ ਪਹਿਲਾ ਗੁਰੂ ਆਪ ਉਸ ਦੀ ਸਿੱਖੀ ਵਿਚ ਸ਼ਾਮਲ ਹੋ ਕੇ ਸੇਵ ਕਮਾਉਂਦਾ ਹੈ। ਗੁਰੂ ਅੰਗਦ ਸਾਹਿਬ ਨੂੰ ਗੁਰ-ਗੱਦੀ ਦੇਣ ਉਪਰੰਤ ਗੁਰੂ ਨਾਨਕ ਦੇਵ ਜੀ ਨੇ ਰਹਿੰਦੀ ਉਮਰ ਸਿਖ ਬਣ ਕੇ ਉਨ੍ਹਾਂ ਦੀ ਸੇਵਾ ਵਿਚ ਬਿਤੀਤ ਕੀਤੀ। ਅਗੋਂ ਗੁਰੂ ਅਮਰਦਾਸ ਜੀ ਨੂੰ ਗੁਰਤਾ ਦੇ ਕੇ, ਗੁਰੂ ਅੰਗਦ ਸਾਹਿਬ ਨੇ ਉਨ੍ਹਾਂ ਦੀ ਸਿੱਖੀ ਕਬੂਲੀ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜ ਕੇ ਫਿਰ ਆਪ ਉਸ ਪਾਸੋਂ ਅੰਮ੍ਰਿਤ ਦੀ ਯਾਚਨਾ ਕੀਤੀ।

[ਬਾਕੀ ਦੇਖੋ ਸਫਾ ੧੪ ਦੇ ਹੇਠ]

੧. ਮਾਨ ਮੋਹ ਮੇਰ ਤੇਰ ਬਿਬਰਜਿਤ ਓਹੁ ਮਾਰਗੁ ਖੰਡੇਧਾਰ। ਦੇਵਗੰਧਾਰੀ ਮ: ੫ (534/13)

੨. ਭਾਈ ਮੰਝ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ :
ਮੰਝ ਪਿਆਰਾ ਗੁਰੂ ਕੋ ਗੁਰ ਮੰਝ ਪਿਆਰਾ। ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ।

੩. ਭਾਈ ਬਹਿਲੋ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਪੰਚਮ ਪਾਤਸ਼ਾਹ ਜੀ ਨੇ ਕਿਹਾ ਸੀ : ਭਾਈ ਬਹਿਲੋ, ਸਭ ਤੋਂ ਪਹਿਲੋਂ।

੪. ਭਾਈ ਸਾਹਲੋ ਨੂੰ ਗੁਰੂ ਅਰਜਨ ਦੇਵ ਜੀ ਨੇ 'ਸਿੱਖੀ ਦਾ ਕੋਤਵਾਲ' ਖ਼ਿਤਾਬ ਦਿੱਤਾ ਸੀ।
ਇਹ ਗੁਰਸਿਖੀ ਕਾ ਕੋਤਵਾਲ। ਖੋਟੇ ਖਰੇ ਕੀ ਕਰੇ ਸੰਭਾਲ। ਗੁਰ ਪ੍ਰਤਾਪ ਸੂਰਜ



www.AKJ.Org

# ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ

[ਗਿਆਨੀ ਜੰਗ ਸਿੰਘ ਜੀ, ਅਮਰੀਕਾ]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਰੇ ਸੰਸਾਰ ਨੂੰ ਪ੍ਰੇਮ ਦਾ ਸੰਦੇਸ਼ ਦਿੰਦੇ ਹੋਏ ਫੁਰਮਾਇਆ ਹੈ :—

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥ ਤ੍ਵਪ੍ਰਸਾਦਿ ਸਵੱਯੇ

ਉਨ੍ਹਾਂ ਦਾ ਭਾਵ ਇਹ ਹੈ ਕਿ ਭਾਵੇਂ ਸੰਸਾਰ ਦੇ ਲੋਕ ਪ੍ਰਭੂ ਦੀ ਪ੍ਰਾਪਤੀ ਲਈ ਅਨੇਕ ਪ੍ਰਕਾਰ ਦੇ ਕਰਮ, ਧਰਮ, ਪੁੰਨ-ਦਾਨ, ਤੀਰਥ ਇਸ਼ਨਾਨ ਤੇ ਜਾਪ-ਤਾਪ ਕਰਦੇ ਰਹੇ ਹਨ, ਅਤੇ ਕਰ ਰਹੇ ਹਨ, ਪ੍ਰੰਤੂ ਪ੍ਰਭੂ ਨੂੰ ਮਿਲਣ ਦਾ ਅਤਿ ਸੁਖੈਨ ਮਾਰਗ ਪ੍ਰਭੂ ਨੂੰ ਸੱਚੇ ਦਿਲੋਂ ਪਿਆਰ ਕਰਨਾ ਹੈ। "ਗੋਬਿੰਦ ਭਾਉ ਭਗਤਿ ਦਾ ਭੁਖਾ"* ਹੈ। ਜਿਹੜੇ ਪ੍ਰਭੂ ਦੇ ਪਿਆਰੇ ਉਸ ਨਾਲ ਸੱਚੇ ਦਿਲੋਂ ਪਿਆਰ ਕਰਦੇ ਹਨ, ਉਨ੍ਹਾਂ ਨੂੰ ਉਹ ਉਸੇ ਤਰ੍ਹਾਂ ਚੁੱਕ ਕੇ ਗਲ ਨਾਲ ਲਾ ਲੈਂਦਾ ਹੈ ਜਿਵੇਂ ਮਾਤਾ ਆਪਣੇ ਨੰਨ੍ਹੇ ਜਿਹੇ ਬੱਚੇ ਨੂੰ ਚੁਕ ਕੇ ਛਾਤੀ ਨਾਲ ਲਾ ਲੈਂਦੀ ਹੈ। ਪ੍ਰੇਮ ਹੀ ਪ੍ਰਭੂ ਹੈ। ਪ੍ਰੇਮ ਹੀ ਜੀਵਨ ਹੈ। ਜਿਵੇਂ ਸਰੀਰ ਵਿਚੋਂ ਰੂਹ ਨਿਕਲ ਜਾਵੇ ਤਾਂ ਉਹ ਇਕ ਲੋਥੜਾ ਹੀ ਰਹਿ ਜਾਂਦਾ ਹੈ, ਉਸੇ ਤਰ੍ਹਾਂ ਜੇ ਜਗਤ ਵਿਚੋਂ ਪ੍ਰੇਮ ਨੂੰ ਕਢ ਦੇਈਏ ਤਾਂ ਉਸ ਵਿਚੋਂ ਜੀਵਨ ਹੀ ਖ਼ਤਮ ਹੋ ਜਾਵੇਗਾ। ਪ੍ਰੇਮ ਹੀ ਉਤਪਤੀ ਕਰਦਾ ਹੈ, ਪ੍ਰੇਮ ਹੀ ਪਾਲਨਾ ਕਰਦਾ ਹੈ। ਜੇ ਮਾਤਾ ਪਿਤਾ ਦੇ ਹਿਰਦਿਆਂ ਵਿਚ ਪ੍ਰੇਮ ਨਾ ਹੋਵੇ ਤਾਂ ਉਹ ਬੱਚੇ ਪੈਦਾ ਹੀ ਨਹੀਂ ਕਰ ਸਕਦੇ ਅਤੇ ਜੇ ਉਨ੍ਹਾਂ ਦੇ ਦਿਲਾਂ ਵਿਚ ਪਿਆਰ ਨਾ ਹੋਵੇ ਤਾਂ ਉਹ ਬੱਚਿਆਂ ਦੀ ਸੁਚਾਰੂ ਢੰਗ ਨਾਲ ਪਾਲਨਾ ਨਹੀਂ ਕਰ ਸਕਦੇ।

ਪ੍ਰਭੂ ਨੂੰ ਆਪਣੇ ਬੱਚਿਆਂ (ਮਨੁੱਖਾਂ) ਨਾਲ ਕਿਤਨਾ ਪਿਆਰ ਹੈ ? ਉਸ ਨੂੰ ਗੁਰਬਾਣੀ ਅੰਦਰ ਬਹੁਤ ਹੀ ਸੁੰਦਰ ਢੰਗ ਨਾਲ ਬਿਆਨ ਕੀਤਾ ਗਿਆ ਹੈ :—

ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥ (੧੨੬੬)

ਭਾਵ, ਪਿਤਾ ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ ਨੂੰ ਇਹ ਹੁਕਮ ਦਿਤਾ ਕਿ ਜਿਸ ਬੱਚੇ ਨੂੰ ਮੈਂ ਸੰਸਾਰ ਵਿਚ ਭੇਜ ਰਿਹਾ ਹਾਂ, ਇਹ ਜੋ ਕੁਝ ਵੀ ਮੰਗੇ, ਇਸ ਨੂੰ ਦੇਣਾ। ਸਾਰੀ ਬਨਾਸਪਤੀ ਨੂੰ ਹੁਕਮ ਦਿਤਾ ਕਿ ਇਸ ਬਾਲਕ ਲਈ ਫਲ ਫੁਲ ਤੇ ਹਰੇਕ ਪ੍ਰਕਾਰ ਦੀਆਂ ਖਾਣ ਵਾਲੀਆਂ ਚੀਜ਼ਾਂ ਪੈਦਾ ਕੀਤੀਆਂ ਜਾਣ। ਧਰਤੀ ਵਿਚ ਅਨੇਕ ਪ੍ਰਕਾਰ ਦੀਆਂ ਉਪਜਾਊ ਸ਼ਕਤੀਆਂ ਪੈਦਾ ਕੀਤੀਆਂ ਗਈਆਂ। ਦਿਨ ਤੇ ਰਾਤ ਦੋ ਦਾਈ ਤੇ ਦਾਇਆ ਬਣਾਏ ਗਏ, ਜਿਨ੍ਹਾਂ ਦੀ ਗੋਦੀ ਵਿਚ ਇਹ ਬਾਲਕ ਸੁਖ ਨਾਲ ਖੇਡਦਾ ਹੈ। ਜਦੋਂ ਦਿਨ ਵੇਲੇ ਬਾਲਕ ਖੇਡ ਖੇਡ ਕੇ ਥਕ ਜਾਂਦਾ ਹੈ ਤਾਂ ਰਾਤ ਦਾਈ ਦੇ ਫ਼ਰਜ਼ ਅਦਾ ਕਰਦੀ ਹੋਈ ਇਸ ਨੂੰ ਆਪਣੀ ਗੋਦ ਵਿਚ ਮਿੱਠੀ ਨੀਂਦ ਸੁਆ ਦਿੰਦੀ ਹੈ। ਫੁਲਾਂ ਨੂੰ ਹੁਕਮ ਦਿਤਾ ਕਿ ਤੁਸੀਂ ਇਸ ਮੇਰੇ ਬੱਚੇ ਨੂੰ ਖੁਸ਼ਬੂ ਵੀ ਦਿਉ ਤੇ ਖਿੜਨਾ (ਸਦਾ ਖੁਸ਼ ਰਹਿਣਾ) ਵੀ ਸਿਖਾਓ। ਪੌਣ, ਪਾਣੀ, ਅਗਨੀ ਆਦਿਕ ਪੰਜਾਂ ਤੱਤਾਂ ਦੀ ਮਨੁਖ ਦੇ ਜ਼ਿੰਦਾ ਰਹਿਣ ਲਈ ਅਤਿਅੰਤ ਲੋੜ ਹੈ। ਉਸ ਕ੍ਰਿਪਾਲੂ ਪਿਤਾ ਨੇ ਇਹ ਚੀਜ਼ਾਂ ਇਤਨੀ ਬਹੁਲਤਾ ਵਿਚ ਬਣਾਈਆਂ ਹਨ ਕਿ ਇਹ ਬਿਨਾ ਕਿਸੇ ਮੁਲ ਦੇ ਹਰ ਥਾਂ ਤੇ ਹਰ ਸਮੇਂ ਪ੍ਰਾਪਤ ਹੋ ਸਕਦੀਆਂ ਹਨ। ਅਸਲ ਵਿਚ ਇਹ ਸਾਰਾ ਬ੍ਰਹਿਮੰਡ ਹੀ ਮਨੁਖ ਨੂੰ ਹਰ ਪ੍ਰਕਾਰ ਦੀਆਂ ਸੁਖ-ਸਹੂਲਤਾਂ ਦੇਣ ਲਈ ਪੈਦਾ ਕੀਤਾ ਗਿਆ ਹੈ। ਉਹ ਪਿਤਾ ਆਪਣੇ ਇਸ ਪੁਤਰ ਨੂੰ ਕਿਤਨਾ ਪਿਆਰ ਕਰਦਾ ਹੈ ? ਇਹ ਉਸਦਾ ਪਰਤੱਖ ਪ੍ਰਮਾਣ ਹੈ ਕਿ ਉਸ ਨੇ ਕੋਈ ਚੀਜ਼ ਮਨੁਖ ਤੋਂ ਲੁਕਾ ਕੇ ਨਹੀਂ ਰਖੀ।

ਜਦੋਂ ਪਿਤਾ ਆਪਣੇ ਇਸ ਬੱਚੇ ਨਾਲ ਇਤਨਾ ਪਿਆਰ ਕਰਦਾ ਹੈ ਤਾਂ ਇਸ ਨੂੰ ਉਸ ਨਾਲ ਕਿਤਨਾ ਪਿਆਰ ਕਰਨਾ ਚਾਹੀਦਾ ਹੈ ? ਜਦੋਂ ਇਸ ਗੱਲ ਤੇ ਵਿਚਾਰ ਕਰੀਏ ਤਾਂ ਪਤਾ ਲਗਦਾ ਹੈ ਕਿ ਇਹ ਬੱਚਾ ਬਹੁਤ ਹੀ ਅਕ੍ਰਿਤਘਣ ਬਣਦਾ ਜਾ ਰਿਹਾ ਹੈ। ਇਸ ਦੀ ਹਾਲਤ "ਦਾਤਿ ਪਿਆਰੀ ਵਿਸਰਿਆ ਦਾਤਾਰਾ"† ਵਾਲੀ ਹੋ

* ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੭ † ਧਨਾਸਰੀ ਮਹਲਾ ੫, ਪੰਨਾ ੬੭੬



www.AKJ.Org

ਗਈ ਹੈ। ਇਸ ਨੇ "ਸਭੁ ਕਿਛੁ ਆਪਨਾ ਇਕੁ ਰਾਮੁ ਪਰਾਇਆ"* ਵਾਲੀ ਗਲਤ ਸੋਚ ਅਪਣਾਅ ਲਈ ਹੈ। ਭਾਵ, ਇਹ ਉਸ ਦਾਤਾਰ ਨੂੰ ਭੁਲਾ ਕੇ ਉਸ ਦੀਆਂ ਦਿਤੀਆਂ ਹੋਈਆਂ ਦਾਤਾਂ ਨਾਲ ਵਧੇਰੇ ਪਿਆਰ ਕਰਨ ਲਗ ਪਿਆ ਹੈ। ਉਸ ਦੇ ਦਿਤੇ ਹੋਏ ਧਨ ਪਦਾਰਥ ਨੂੰ ਤਾਂ ਜਫੇ ਮਾਰਦਾ ਫਿਰਦਾ ਹੈ, ਪਰ ਦੇਣਹਾਰ ਦਾਤਾਰ ਨੂੰ ਵਿਸਾਰ ਦਿੱਤਾ ਹੈ। ਉਸ ਦਾ ਧੰਨਵਾਦ ਕਰਨਾ ਵੀ ਭੁਲ ਗਿਆ ਹੈ। ਇਹ ਧਰਮ-ਮੰਦਰਾਂ ਵਿਚ ਜਾ ਕੇ ਹੋਰ ਮੰਗਦਾ ਹੈ, ਪਰ ਜੋ ਕੁਝ ਉਸ ਨੇ ਹੁਣ ਤਕ ਦਿਤਾ ਹੈ, ਉਸ ਦਾ ਸ਼ੁਕਰਾਨਾ ਨਹੀਂ ਕਰਦਾ। ਉਸ ਨੇ ਹੁਣ ਤਕ ਇਸ ਦੀਆਂ ਅਨੇਕ ਮੰਗਾਂ ਪੂਰੀਆਂ ਕੀਤੀਆਂ ਹਨ, ਪਰ ਇਹ ਹੋਰ ਹੋਰ ਮੰਗੀ ਜਾਂਦਾ ਹੈ। ਉਹ ਪਿਤਾ ਕਹਿੰਦਾ ਹੈ:—

ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥ (ਪੰਨਾ ੧੩੮੨)

ਭਾਵ, ਜੇ ਤੂੰ ਸਹੀ ਅਰਥਾਂ ਵਿਚ ਮੇਰਾ ਆਗਿਆਕਾਰ ਪੁਤਰ ਬਣ ਜਾਵੇਂ ਤਾਂ ਮੇਰੇ ਪਾਸ ਜੋ ਕੁਝ ਹੈ, ਉਹ ਸਭ ਕੁਝ ਤੇਰਾ ਹੋ ਜਾਵੇਗਾ। ਏਡੀ ਵਡੀ ਵਰਾਸਤ ਦਾ ਮਾਲਕ ਹੋ ਕੇ ਵੀ ਜੇ ਤੂੰ ਅਜੇ ਕੰਗਾਲਾਂ ਵਾਲੀ ਬਿਰਤੀ ਨਹੀਂ ਛੱਡੀ ਤਾਂ ਇਸ ਵਿਚ ਕਸੂਰ ਕਿਸ ਦਾ ਹੈ? ਕਸੂਰ ਤੇਰੇ ਉਸ ਅਗਿਆਨ ਦਾ ਹੈ ਜਿਸ ਦੇ ਕਾਰਨ ਤੈਨੂੰ ਇਹ ਸੋਝੀ ਵੀ ਪ੍ਰਾਪਤ ਨਹੀਂ ਹੋਈ ਕਿ ਤੂੰ ਕਿਸ ਦਾ ਪੁੱਤਰ ਹੈਂ? ਅਤੇ ਤੇਰੇ ਬਾਪ ਦੇ ਭਰੇ ਹੋਏ ਸਭ ਭੰਡਾਰ ਵੀ ਤੇਰੀ ਵਰਾਸਤ ਹਨ।

ਇਤਨੀ ਵਡੀ ਭੁਲ ਇਹ ਮਨੁਖ ਕਿਉਂ ਕਰ ਰਿਹਾ ਹੈ? ਇਸਦਾ ਕਾਰਨ ਭਗਤ ਰਵਿਦਾਸ ਜੀ ਇਹ ਦਸਦੇ ਹਨ:—

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥ (ਸੋਰਠਿ, ਪੰਨਾ ੬੫੭-੫੮)

ਭਾਵ, ਭਰਮ ਤੇ ਅਗਿਆਨ ਦੇ ਕਾਰਨ ਮਨੁਖ ਇਸ ਹਕੀਕਤ ਨੂੰ ਭੁਲ ਗਿਆ ਹੈ ਕਿ ਇਹ ਉਸ ਪ੍ਰਮਾਤਮਾ ਦਾ ਸ਼ਹਿਜ਼ਾਦਾ ਹੈ, ਜੋ ਸਾਰੇ ਖੰਡਾਂ ਬ੍ਰਹਿਮੰਡਾਂ ਦਾ ਰਾਜਾ ਹੈ। ਜੇ ਇਸ ਉਤੇ ਗੁਰੂ ਦੀ ਕਿਰਪਾ ਹੋ ਜਾਵੇ ਤੇ ਉਹ ਇਸ ਦੇ ਭਰਮ ਦੇ ਛੌੜ ਕਟ ਕੇ ਇਸ ਨੂੰ ਇਹ ਗਿਆਨ ਦੇ ਦੇਵੇ ਕਿ ਇਸ ਦੇ ਵਿਚ ਤੇ ਇਸ ਦੇ ਪਿਤਾ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ ਤਾਂ ਇਹ ਭਰਮ-ਭੁਲੇਖਾ ਦੂਰ ਹੋਣ ਨਾਲ ਹੀ ਇਹ ਆਪਣੇ ਸੱਚੇ ਪਿਤਾ ਪ੍ਰਮਾਤਮਾ ਨਾਲ ਸੱਚਾ ਪਿਆਰ ਕਰ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਵਸਥਾ ਦਾ ਜ਼ਿਕਰ ਕਰਦੇ ਹੋਏ ਹੀ ਉਪਰੋਕਤ ਸਚਾਈ ਪ੍ਰਗਟ ਕੀਤੀ ਹੈ।

ਸੱਚੇ ਪਿਤਾ ਪ੍ਰਮਾਤਮਾ ਵਿਚ ਅਭੇਦ ਹੋਣ ਦਾ, ਉਸ ਦਾ ਰੂਪ ਹੀ ਹੋ ਜਾਣ ਦਾ ਸਹੀ ਮਾਰਗ ਉਸ ਨੂੰ ਸੱਚਾ ਪਿਆਰ ਕਰਨਾ ਹੈ। ਇਸ ਪ੍ਰਕਾਰ ਦਾ ਸੱਚਾ ਪਿਆਰ ਕੋਈ ਵੀ ਮਨੁਖ ਕਰ ਸਕਦਾ ਹੈ। ਕੋਈ ਵੀ ਧਰਮ ਇਸ ਪ੍ਰਕਾਰ ਦੇ ਪਿਆਰ ਕਰਨ ਦੀ ਮਨਾਹੀ ਨਹੀਂ ਕਰਦਾ, ਸਗੋਂ ਸਚਾਈ ਇਹ ਹੈ ਕਿ ਸਾਰੇ ਧਰਮ ਮਨੁਖ ਨੂੰ, ਜਿਸ ਪ੍ਰਮਾਤਮਾ ਨਾਲੋਂ ਇਹ ਜੀਵ ਵਿਛੜਿਆ ਹੈ, ਉਸ ਨਾਲ ਮਿਲਣ ਦੀ ਪ੍ਰੇਰਨਾ ਕਰਦੇ ਹਨ। ਪਰ ਗੁਰੂ ਜੀ ਨੇ ਸਭ ਤੋਂ ਸੌਖਾ ਮਾਰਗ ਇਹ ਦੱਸਿਆ ਹੈ ਕਿ ਪ੍ਰਭੂ ਨਾਲ ਸੱਚਾ ਪਿਆਰ ਕਰੋ। ਪ੍ਰਭੂ ਨਾਲ ਸੱਚਾ ਪਿਆਰ ਕਰਨ ਦਾ ਸਹੀ ਢੰਗ ਇਹ ਹੈ-ਕਿ ਸਾਰੀ ਮਨੁਖਤਾ ਨਾਲ ਪਿਆਰ ਕਰੋ। ਸਵੇਰ ਸ਼ਾਮ ਸਰਬੱਤ ਦਾ ਭਲਾ ਮੰਗੋ। ਬਾਬਾ ਫਰੀਦ ਜੀ ਦੇ ਸਲੋਕਾਂ ਵਿਚ ਪੰਜਵੇਂ ਸਤਿਗੁਰੂ ਜੀ ਦੇ ਇਸ ਕਥਨ ਉਤੇ ਅਮਲ ਕਰੋ—

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥ (ਪੰਨਾ ੧੩੮੧)

* ਪ੍ਰਭਾਤੀ ਮਹਲਾ ੧, ਪੰਨਾ ੧੩੫੨

ਸ੍ਰੀ ਭਗਉਤੀ ਪ੍ਰਬੋਧ—'ਭਗਉਤੀ' ਸ਼ਬਦ ਬਾਰੇ ਪਾਏ ਭੁਲੇਖਿਆਂ ਨੂੰ ਸਪੱਸ਼ਟ ਕਰਨ ਲਈ ਗੁਰਮਤੀ ਵਿਦਵਾਨਾਂ ਦੇ 9 ਲੇਖ ਇਸ ਟਰੈਕਟ ਵਿਚ ਹਨ, ਜਿਨ੍ਹਾਂ ਤੋਂ ਇਹ ਗੱਲ ਸਿਧ ਹੁੰਦੀ ਹੈ ਕਿ ਖ਼ਾਲਸਾ ਕਿਸੇ ਦੇਵੀ ਦੇਵਤੇ ਦਾ ਉਪਾਸ਼ਕ ਨਹੀਂ, ਸਗੋਂ ਕੇਵਲ ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਸਫ਼ੇ ੮੮, ਭੇਟਾ ਦੋ ਰੁਪਏ।


www.AKJ.Org

# ਆਦਿ ਗ੍ਰੰਥ ਦਾ ਹੁਕਮ ਪਛਾਣੇ ਬਿਨਾਂ ਪੰਜਾਬ-ਸਮੱਸਿਆ ਦਾ ਕੋਈ ਹੱਲ ਨਹੀਂ

[ਸ: ਅਮਰਜੀਤ ਸਿੰਘ ਜੀ ਗਰੇਵਾਲ]

(ਰੋਜ਼ਾਨਾ 'ਅਜੀਤ' ੨੭-੧-੯੧ ਵਿਚ ਦਿੱਤੇ ਗਏ ਲੇਖ ਵਿਚੋਂ)

ਜੇਕਰ ਇਹ ਲੋਕ ਕੂੜ ਦਾ ਵਪਾਰ ਛੱਡ ਦੇਣ ਤਾਂ ਵੀ ਇਨ੍ਹਾਂ ਦੀ ਦੁਆ ਦਾਰੂ ਅਤੇ ਨੁਸਖੇ ਪੰਜਾਬ ਦੇ ਰੋਗ ਦਾ ਇਲਾਜ ਨਹੀਂ ਕਰ ਸਕਣਗੇ। ਰੋਗ ਨੂੰ ਤਾਂ ਇਨ੍ਹਾਂ ਨੇ ਜਾਣਿਆ ਹੀ ਨਹੀਂ, ਕੇਵਲ ਰੋਗ ਦੀਆਂ ਬਾਹਰੀ ਅਲਾਮਤਾਂ ਦੀ ਚੀਰ ਫਾੜ ਹੀ ਕੀਤੀ ਹੈ। ਜਿਹੜਾ ਹਕੀਮ ਜਿਸ ਕਿਸੇ ਵੀ ਬਿਮਾਰੀ ਦਾ ਮਾਹਰ ਸੀ, ਉਸ ਨੂੰ ਉਹ ਬਿਮਾਰੀ ਇਸ ਰੋਗ ਦਾ ਕਾਰਨ ਹੀ ਜਾਪੀ ਹੈ—ਅਰਥ ਸ਼ਾਸਤਰੀਆਂ ਨੂੰ ਅਸੰਤੁਲਿਤ ਵਿਕਾਸ ਅਤੇ ਬੇਰੋਜ਼ਗਾਰੀ, ਪੁਲਿਸ ਅਤੇ ਅਫਸਰਸ਼ਾਹੀ ਨੂੰ ਅਮਨ ਕਾਨੂੰਨ ਦੀ ਵਿਗੜੀ ਹੋਈ ਸਥਿਤੀ, ਸਿਆਸੀ ਪਾਰਟੀਆਂ ਨੂੰ ਸਹੀ ਪਾਲਿਸੀ ਦੀ ਅਣਹੋਂਦ, ਸਮਾਜ-ਸ਼ਾਸਤਰੀਆਂ ਨੂੰ ਕੌਮੀ ਪਹਿਚਾਣ ਦੀ ਸਮੱਸਿਆ ਅਤੇ ਇਤਿਹਾਸਕਾਰਾਂ ਨੂੰ ਸਿੱਖ ਮਾਨਸਕਤਾ ਦਾ ਸੰਕਟ।

ਪਰ ਕੈਸਾ ਇਲਾਜ, ਕਿਸ ਦਾ ਇਲਾਜ ? ਮਰੀਜ਼ ਨੂੰ ਤਾਂ ਕਿਸੇ ਨੇ ਦੇਖਿਆ ਹੀ ਨਹੀਂ। ਉਸ ਦੀ ਰੂਹ ਨੂੰ ਤਾਂ ਇਨ੍ਹਾਂ ਵੈਦ ਹਕੀਮਾਂ ਪਛਾਣਿਆ ਹੀ ਨਹੀਂ। ਵੀਹਵੀਂ ਸਦੀ ਦੇ ਤਮਾਮ ਫ਼ਲਸਫ਼ੇ ਅਤੇ ਗਿਆਨ ਵਿਗਿਆਨ ਨੇ ਇਹੋ ਗੱਲ ਵਾਰ ਵਾਰ ਦੁਹਰਾਈ ਹੈ ਕਿ ਕਿਸੇ ਵੀ ਰੋਗ ਦਾ ਇਲਾਜ, ਰਾਜਨੀਤਕ ਸੰਕਟ ਦਾ ਹੱਲ ਆਰਥਕ ਗਿਰਾਵਟ ਦਾ ਸਮਾਧਾਨ, ਸਭਿਆਚਾਰ ਉਥੱਲ-ਪੁਥੱਲ ਦਾ ਉਪਾਅ, ਮਾਨਸਕ ਪਰੇਸ਼ਾਨੀ ਦਾ ਨਿਕਾਸ ਅਤੇ ਸਮਾਜਕ ਉਲਝਣ ਦਾ ਹੱਲ ਉਸ ਰੋਗ ਜਾਂ ਸੰਕਟ ਦਾ ਸ਼ਿਕਾਰ ਹੋਏ ਲੋਕਾਂ ਜਾਂ ਕੌਮਾਂ ਦੀ ਰੂਹ ਨੂੰ ਪਛਾਣੇ ਤੋਂ ਬਗੈਰ ਸੰਭਵ ਹੀ ਨਹੀਂ ਹੈ।

'ਗੁਰ ਸ਼ਬਦ-ਆਦਿ ਗ੍ਰੰਥ' ਪੰਜਾਬ ਦੀ ਰੂਹ ਹੈ। ਦਰਅਸਲ ਆਦਿ ਗ੍ਰੰਥ ਹੀ ਪੰਜਾਬ ਹੈ। ਆਦਿ ਗ੍ਰੰਥ ਤੋਂ ਪਹਿਲਾਂ ਪੰਜਾਬ ਹੈ ਹੀ ਨਹੀਂ ਸੀ। ਆਦਿ ਗ੍ਰੰਥ ਵਿਚੋਂ ਹੀ ਪੰਜਾਬ ਪੈਦਾ ਹੋਇਆ ਹੈ ਅਤੇ ਇਸੇ ਹੀ ਵਿਚਾਰਧਾਰਾ ਅੰਦਰ ਸਮਾ ਜਾਣਾ ਇਸ ਦਾ ਟੀਚਾ ਹੈ। ਜੇਕਰ ਕੋਈ ਇਹ ਸਮਝਦਾ ਹੋਵੇ ਕਿ ਉਸ ਨੇ ਪੰਜਾਬ ਦੇ ੧੨ ਜ਼ਿਲ੍ਹਿਆਂ ਦੀਆਂ ਪੀਸ-ਕਮੇਟੀਆਂ, ਜਾਂ ਪੰਚਾਇਤੀ ਨੁਮਾਇੰਦਿਆਂ ਜਾਂ ਪ੍ਰਬੰਧਕ ਅਫ਼ਸਰਾਂ ਤੇ ਜਾਂ ਫੇਰ ਇੰਟੈਲੀਜੈਂਸ ਅਫ਼ਸਰਾਂ ਨੂੰ ਮਿਲ ਕ ਪੰਜਾਬ ਨੂੰ ਸਮਝ ਲਿਆ ਹੈ ਤਾਂ ਉਸ ਤੋਂ ਵੱਡਾ ਮੂਰਖ ਕੋਈ ਨਹੀਂ। ਜੇਕਰ ਕੋਈ ਸਮਝਦਾ ਹੋਵੇ ਕਿ ਉਸ ਨੇ ਪੰਜਾਬ ਦੀਆਂ ਦਰੀਆਂ ਫੁਲਕਾਰੀਆਂ, ਗਿੱਧੇ, ਭੰਗੜੇ, ਲੋਕ ਗੀਤਾਂ, ਕਿੱਸਿਆਂ ਆਦਿ ਵਿਚੋਂ ਪੰਜਾਬ ਦੇ ਦਰਸ਼ਨ ਕਰ ਲਏ ਹਨ ਤਾਂ ਉਹ ਮਹਾਂ ਅਗਿਆਨੀ ਹੈ। ਜੇਕਰ ਕੋਈ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਮਿਲ ਕੇ ਇਹ ਕਹੇ ਕਿ ਉਸ ਨੇ ਪੰਜਾਬ ਦੀ ਮਾਨਸਿਕਤਾ ਸਮਝ ਲਈ ਹੈ, ਤਾਂ ਇਹ ਨਿਰਾ ਕੂੜ ਹੈ। ਸੱਚ ਤਾਂ ਕੇਵਲ ਇਕੋ ਹੈ ਕਿ ਜਿਸ ਆਦਮੀ ਨੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਦਰਸ਼ਨ ਨਹੀਂ ਕੀਤੇ, ਉਸ ਨੂੰ ਪੜ੍ਹਿਆ ਅਤੇ ਵਿਚਾਰਿਆ ਨਹੀਂ, ਉਹ ਭਾਵੇਂ ਲੱਖ ਕੋਸ਼ਿਸ਼ਾਂ ਕਰ ਲਵੇ, ਪੰਜਾਬ ਦੀ ਰੂਹ ਨੂੰ ਤਿਲ ਮਾਤਰ ਵੀ ਨਹੀਂ ਜਾਣ ਸਕਦਾ। ਤੇ ਅਜਿਹੇ ਲੋਕ, ਜੋ ਪੰਜਾਬ ਨੂੰ ਤਿਲ ਮਾਤਰ ਵੀ ਨਹੀਂ ਜਾਣਦੇ, ਉਹ ਇਸ ਦੇ ਰੋਗ ਦਾ ਕੀ ਇਲਾਜ ਕਰਨਗੇ ? ਇਸ ਦੀ ਮਾਨਸਿਕਤਾ ਨੂੰ ਕੀ ਸਮਝਣਗੇ ? ਇਸ ਦੀਆਂ ਆਸ਼ਾਵਾਂ ਨੂੰ ਕੀ ਮਾਪਣਗੇ ? ਇਸ ਦੀਆਂ ਆਕਾਂਖਿਆਵਾਂ ਨੂੰ ਕੀ ਜਾਨਣਗੇ ? ਉਹ ਤਾਂ ਵਪਾਰੀ ਹਨ, ਤਨਖ਼ਾਹਾਂ ਪਾਉਣਗੇ, ਕੂੜ ਦੀ ਹੱਟੀ ਸਜਾਉਣਗੇ, ਸਰਕਾਰੀ ਵਹੀ ਉਪਰ ਆਪਣਾ ਅੰਗੂਠਾ ਲਗਾਉਣਗੇ ਅਤੇ ਚਲੇ ਜਾਣਗੇ।

ਅੱਜ ਅਸੀਂ ਪੰਜਾਬੀ ਲੋਕ ਭਾਵੇਂ ਹਿੰਦੁਸਤਾਨ ਵਿਚ ਸਭ ਤੋਂ ਵਧੇਰੇ ਪੈਦਾਵਾਰ ਕਰਦੇ ਹਾਂ, ਸਭ ਤੋਂ ਵਧੇਰੇ ਖਾਂਦੇ ਪੀਂਦੇ ਅਤੇ ਪਹਿਨਦੇ ਹਾਂ, ਸਭ ਤੋਂ ਵਧੇਰੇ ਊਰਜਾ ਦੀ ਖਪਤ ਕਰਦੇ ਹਾਂ, ਗੱਲ ਕੀ, ਪੱਛਮੀ

ਸਭਿਅਤਾ ਦੀ ਪ੍ਰੀਭਾਸ਼ਾ ਅਨੁਸਾਰ ਦੇਸ਼ ਦੇ ਸਭ ਤੋਂ ਵਧੇਰੇ ਖੁਸ਼ਹਾਲ ਲੋਕ ਹਾਂ, ਪਰ ਹਕੀਕਤ ਵਿਚ ਅਸੀਂ ਆਪਣੀ ਰੂਹ ਤੋਂ ਵਿਛੜੇ ਹੋਏ ਲੋਕ ਹਾਂ। ਇਸੇ ਲਈ ਤਾਂ ਵਿਤਰੇਕਤਾ ਦਾ ਕਹਿਰ ਭੋਗਦੇ ਹਾਂ। ਸਾਡੇ ਸੁਪਨੇ ਕੋਈ ਹੋਰ ਸਨ, ਪਰ ਰਾਹ ਕਿਸੇ ਹੋਰ ਪੈ ਗਏ। ਆਪਣੀ ਹੋਣੀ ਦੇ ਵੀ ਅਸੀਂ ਖੁਦ ਮਾਲਕ ਨਹੀਂ ਰਹੇ। ਸਾਡੀ ਕਿਸਮਤ ਦੇ ਫ਼ੈਸਲੇ ਲੈਣ ਵਾਲੀਆਂ ਸੰਸਥਾਵਾਂ ਦੀ ਸਾਡੇ ਨਾਲ ਦੌੜ ਹੈ। ਸਾਡੇ ਨੇਤਾਵਾਂ ਦਾ ਕਿਰਦਾਰ ਸਾਡੇ ਦੁਸ਼ਮਣਾਂ ਵਰਗਾ ਹੋ ਗਿਆ ਹੈ। ਪੂਰੀ ਤਰ੍ਹਾਂ ਭੰਬਲਭੂਸੇ ਵਿਚ ਫਸੇ ਹੋਏ ਹਾਂ। ਸਿਰਫ਼ ਇਸ ਲਈ ਕਿ ਅਸੀਂ 'ਗੁਰੂ ਸ਼ਬਦ' ਦੀ ਪਹਿਚਾਣ ਨਹੀਂ ਕੀਤੀ। ਆਪਣੀ ਰੂਹ–ਗੁਰੂ ਗ੍ਰੰਥ ਸਾਹਿਬ ਜੀ–ਦੀ ਟੇਕ ਨਹੀਂ ਲਈ। ਨਾਮੁ ਨੂੰ ਜਾਣਿਆ ਨਹੀਂ–ਪਤਿ ਮਤਿ ਖੋਵਹਿ ਨਾਮੁ ਵਿਸਾਰੀ ॥੪॥ (ਪੰਨਾ ੨੨੫-੨੬)

ਸਾਡੀਆਂ ਕੋਈ ਕਦਰਾਂ ਕੀਮਤਾਂ ਨਹੀਂ ਰਹੀਆਂ, ਕੋਈ ਸਭਿਆਚਾਰ ਨਹੀਂ, ਕੋਈ ਕਲਾ ਨਹੀਂ, ਕੋਈ ਭਾਸ਼ਾ ਨਹੀਂ, ਕੋਈ ਸਲੀਕਾ ਨਹੀਂ, ਕੋਈ ਸੰਗੀਤ ਨਹੀਂ (ਕੀਰਤਨ ਦੀ ਏਨੀ ਉੱਚੀ ਪ੍ਰੰਪਰਾ ਨੂੰ ਭੁਲ ਕੇ ਲੱਚਰ ਗਾਣਿਆਂ ਮਗਰ ਤੁਰੇ ਫਿਰਦੇ ਹਾਂ), ਕੋਈ ਲਿਆਕਤ ਨਹੀਂ, ਕੋਈ ਬੁੱਧੀ ਵਰਗ ਨਹੀਂ। ਸਿਰਫ਼ ਇਸ ਲਈ ਕਿਉਂਕਿ ਅਸੀਂ ਗੁਰੂ ਤੋਂ ਬੇਮੁਖ ਹੋਏ ਲੋਕ ਹਾਂ। ਕਿਉਂਕਿ ਅਸੀਂ ਆਦਿ ਗ੍ਰੰਥ ਦੀ ਥਾਂ, ਪੱਛਮੀ ਗਿਆਨ ਵਿਗਿਆਨ, ਹਿੰਦੁਸਤਾਨੀ ਸੈਕੂਲਰਿਜ਼ਮ ਅਤੇ ਪਦਾਰਥਕ ਦੌੜ ਤੋਂ ਸੇਧ ਲੈਣੀ ਸ਼ੁਰੂ ਕਰ ਦਿਤੀ ਹੈ। ਆਪਣੀ ਰੂਹ ਨਾਲੋਂ ਟੁੱਟ ਕੇ ਬੇਮੁਖ ਹੋਏ ਲੋਕਾਂ ਦਾ ਨਿਸ਼ਚੇ ਹੀ ਇਹੋ ਹਾਲ ਹੁੰਦਾ ਹੈ–

ਮਨਮੁਖ ਨਾਮੁ ਨ ਚੇਤਿਓ ਧਿਗੁ ਜੀਵਣੁ ਧਿਗੁ ਵਾਸ ॥੩੧॥ (ਸਲੋਕ ਮ: ੩, ਪੰਨਾ ੧੪੧੬)

ਪਰ ਆਪਣੀ ਰੂਹ ਨਾਲੋਂ ਕੋਈ ਕਿੰਨੀ ਕੁ ਦੇਰ ਟੁੱਟ ਸਕਦਾ ਹੈ। ਨਿਸ਼ਚੇ ਹੀ ਅਸੀਂ ਆਪਣੀ ਰੂਹ ਸ੍ਰੀ ਆਦਿ ਗ੍ਰੰਥ ਨੂੰ ਸਮਝ ਵਿਚਾਰ ਕੇ ਇਕ ਨਵੀਂ ਚੇਤਨਾ ਪੈਦਾ ਕਰਨੀ ਹੈ, ਆਦਿ ਗ੍ਰੰਥ ਦੇ ਵਿਕਾਸ ਮਾਡਲ ਨੂੰ ਪਹਿ-ਚਾਨਣਾ ਹੈ, ਉਸ ਉੱਪਰ ਅਧਾਰਤ ਨਵੀਂ ਉਤਪਾਦਨ ਪ੍ਰਣਾਲੀ ਤਿਆਰ ਕਰਨੀ ਹੈ, ਨਵਾਂ ਸਮਾਜ ਸਿਰਜਣਾ ਹੈ।

ਸਾਡਾ ਮੌਜੂਦਾ ਸਮਾਜਕ ਢਾਂਚਾ, ਜੋ ਕਿਸੇ ਵਿਸ਼ੇਸ਼ ਕੌਮ ਜਾਂ ਜਮਾਤ ਦੀ ਮਾਨਸਕ ਪ੍ਰੇਸ਼ਾਨੀ, ਸਮਾਜਕ ਵਿਤਰੇਕਤਾ, ਪਦਾਰਥਕ ਕਾਣੀ ਵੰਡ ਜਾਂ ਭੌਤਿਕ ਗਿਰਾਵਟ ਨੂੰ ਉਤਸ਼ਾਹਿਤ ਕਰਦਾ ਹੈ, ਕਦਾਚਿਤ ਵੀ ਆਦਿ ਗ੍ਰੰਥ ਦਾ ਸਮਾਜ ਨਹੀਂ ਹੋ ਸਕਦਾ, ਕਿਉਂਕਿ ਆਦਿ ਗ੍ਰੰਥ ਦਾ ਸਮਾਜ ਤਾਂ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਫ਼ਲਸਫ਼ੇ ਉੱਪਰ ਅਡੋਲ ਖੜ੍ਹਾ ਹੈ–

ਗੁਰੁ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥੭॥
(ਮ: ੧, ਵਾਰ ਮਾਝ, ਪੰਨਾ ੧੪੧)

ਗੁਰੂ ਸਾਹਿਬਾਨ ਦਾ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਸੁਨੇਹਾ, ਜੋ ਉਹਨਾਂ ਨੇ ਲੰਗਰ, ਸੰਗਤ, ਪੰਗਤ, ਸੇਵਾ, ਕੀਰਤਨ, ਸ਼ਬਦ ਅਤੇ ਸ੍ਰੀ ਆਦਿ ਗ੍ਰੰਥ ਰਾਹੀਂ ਸਾਡੇ ਤੱਕ ਪੁਚਾਇਆ, ਨੂੰ ਅਸੀਂ ਆਪਣੇ ਸਭਿਆਚਾਰਕ ਵਿਕਾਸ ਦਾ ਆਧਾਰ ਨਹੀਂ ਬਣਾ ਸਕੇ। ਸ੍ਰੀ ਆਦਿ ਗ੍ਰੰਥ ਦੀ ਇਸ ਵਿਚਾਰਧਾਰਾ ਨੂੰ ਪੰਜਾਬ ਦੇ ਮੌਜੂਦਾ ਸਮਾਜ-ਆਰਥਕ-ਰਾਜਨੀਤਕ ਢਾਂਚੇ ਉੱਪਰ ਲਾਗੂ ਕਰਨ ਲਈ ਇਕ ਵੀ ਸੰਸਥਾ ਪੈਦਾ ਨਹੀਂ ਕਰ ਸਕੇ। ਇਹ ਪੰਜਾਬੀ ਬੁੱਧੀਵਰਗ ਅਤੇ ਪੰਜਾਬੀ ਨੇਤਾਵਾਂ ਦੀ ਪਿਛਾਂਹ-ਖਿੱਚੂ ਸੋਚ ਦਾ ਪ੍ਰਮਾਣ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਗੁਰਮਤਿ ਵਿਚਾਰਧਾਰਾ ਤੋਂ ਕੋਹਾਂ ਮੀਲ ਦੂਰ ਰਿਹਾ। ਉਸ ਦਾ ਪ੍ਰਬੰਧ ਵੀ ਕਿਸੇ ਮੁਗ਼ਲ ਬਾਦਸ਼ਾਹ ਦੀ ਤਰ੍ਹਾਂ ਇਕ ਸਿੱਖ ਬਾਦਸ਼ਾਹ ਦਾ ਸ਼ਖ਼ਸੀ ਰਾਜ ਹੀ ਰਿਹਾ, ਆਦਿ ਗ੍ਰੰਥ ਦੀ ਵਿਚਾਰਧਾਰਾ ਦਾ ਰਾਜ ਪ੍ਰਬੰਧ ਨਾ ਬਣ ਸਕਿਆ। ਸ੍ਰੀ ਆਦਿ ਗ੍ਰੰਥ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਇਕ ਵੀ ਸੰਸਥਾ ਨਾ ਖੜ੍ਹੀ ਕੀਤੀ ਜਾ ਸਕੀ। ਇਹੋ ਕਾਰਨ ਹੈ ਕਿ ਸਿੱਖ ਰਾਜ ਵੀ ਬਹੁਤੀ ਦੇਰ ਟਿਕ ਨਾ ਸਕਿਆ।

ਨਤੀਜੇ ਵਜੋਂ ਗੁਰੂ ਸਾਹਿਬਾਨ ਦੁਆਰਾ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਫ਼ਲਸਫ਼ਾ ਕਿਸੇ ਵੀ ਰਾਜਸੀ ਪ੍ਰਬੰਧ ਦਾ ਹਿੱਸਾ ਨਾ ਬਣਿਆ।


www.AKJ.Org

ਭਾਰਤ ਸਰਕਾਰ ਦੁਆਰਾ ਪੰਜਾਬ ਨੂੰ ਦਿਤਾ ਗਿਆ 'ਖੇਤੀ ਵਿਕਾਸ ਮਾਡਲ', ਜਿਸ ਵਿਚ ਲੋਕਾਂ ਦੀ ਸਾਰੀ ਟੇਕ ਵੱਧ ਤੋਂ ਵੱਧ ਪਦਾਰਥਕ ਦੌਲਤ ਇਕੱਠੀ ਕਰਨ ਵਿਚ ਲੱਗੀ ਰਹਿੰਦੀ ਹੈ, ਨਿਸਚੇ ਹੀ ਆਦਿ ਗ੍ਰੰਥ ਦਾ ਮਾਡਲ ਨਹੀਂ ਹੈ। ਆਦਿ ਗ੍ਰੰਥ ਦੇ ਮਾਡਲ ਵਿਚ ਤਾਂ ਲੋਕਾਂ ਦੀ ਟੇਕ ਨਾਮ ਉੱਪਰ ਹੋਣੀ ਚਾਹੀਦੀ ਹੈ। 'ਨਾਮ' ਦਾ ਆਧਾਰ ਸ਼ਬਦ ਹੈ, ਪਦਾਰਥਕ ਦੌਲਤ ਨਹੀਂ, ਕਿਉਂਕਿ 'ਮਾਇਆ ਦਾ ਮਾਰਨ ਹੀ ਹਰਿ ਨਾਮੁ ਹੈ।' ਨਾਮ ਦਾ ਆਧਾਰ 'ਸ਼ਬਦ' ਪਦਾਰਥਕ ਦੌਲਤ ਦੀ ਤਰ੍ਹਾਂ ਸੀਮਤ ਨਹੀਂ, ਅਥਾਹ ਹੈ, ਜੋ ਮਨੁੱਖੀ ਸਮਾਜ ਨੂੰ ਭਰਪੂਰ ਅਤੇ ਲਗਾਤਾਰ ਵਿਕਸਤ ਕਰਦਾ ਰਹਿੰਦਾ ਹੈ।

ਆਦਿ ਗ੍ਰੰਥ ਦਾ ਪੰਜਾਬ ਤਾਂ ਕਿਸਾਨਾਂ, ਕਿਰਤੀਆਂ, ਕਾਰੀਗਰਾਂ, ਉਤਪਾਦਕਾਂ ਅਤੇ ਨਾਮ ਰਸ ਵਿਚ ਰਸੇ ਹੋਏ ਲੋਕਾਂ ਦਾ ਪੰਜਾਬ ਹੈ। ਲੋਭੀ ਅਤੇ ਹੰਕਾਰੀ ਅਫਸਰਾਂ, ਪਰਾਇਆ ਖਾਣ ਵਾਲੇ ਅਮੀਰਾਂ, ਵਿਹਲੜ ਅਤੇ ਨਖੱਟੂ ਜਗੀਰਦਾਰਾਂ, ਜ਼ਾਲਮ ਪੁਲਿਸੀਆਂ ਅਤੇ ਮੁਰਦਾਰਖੋਰ ਸਿਆਸੀ ਨੇਤਾਵਾਂ ਦਾ ਪੰਜਾਬ ਨਹੀਂ ਹੈ–

ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥੧॥੫॥

(ਸਲੋਕੁ ਮ: ੧, ਵਾਰ ਮਾਝ ਪੰਨਾ ੧੪੦)

ਮਨੁੱਖੀ ਸ਼ਕਤੀ (ਕਿਰਤ) ਅਤੇ ਮਨੁੱਖੀ ਸਮਰੱਥਾ (ਨਾਮ) ਤੋਂ ਬਾਅਦ ਜਿਹੜਾ ਮੁੱਲ ਗੁਰੂ ਸਾਹਿਬਾਨ ਪੰਜਾਬੀ ਸਮਾਜ ਵਿਚ ਪੈਦਾ ਕਰਨਾ ਚਾਹੁੰਦੇ ਸਨ, ਉਹ ਹੈ ਸਮਾਜਕ ਨਿਆਂ, ਭਾਵ ਕਿ ਵੰਡ ਛਕਣ ਦਾ ਸੰਕਲਪ–

ਜੇ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥੧॥੬॥ (ਸਲੋਕ ਮ: ੧, ਪੰਨਾ ੧੪੦)

ਸੋ ਪੰਜਾਬ, ਜਿਸ ਨੇ ਗੁਰੂ ਦੇ ਨਾਮ ਤੇ ਜੀਣਾ ਸੀ, ਨੂੰ ਭਾਰਤੀ ਸਿਆਸਤ ਅਤੇ ਭਾਰਤੀ ਵਿਕਾਸ ਮਾਡਲ ਨੇ ਅੱਜ ਠੱਗੀ, ਮੌਕਾਪ੍ਰਸਤੀ, ਕਾਣੀ ਵੰਡ, ਸਮਾਜਕ ਅਨਿਆਂ, ਬੁਜ਼ੂ ਦੀ ਮਾਨਸਿਕਤਾ, ਪਦਾਰਥਕ ਚੂਹੇ-ਦੌੜ ਅਤੇ ਹੋਰ ਪਤਾ ਨਹੀਂ ਕਾਸ ਕਾਸ ਦਾ ਸ਼ਿਕਾਰ ਬਣਾ ਦਿਤਾ ਹੈ। ਗੁਰੂ ਤੋਂ ਬੇਮੁਖ ਹੋਇਆ ਪੰਜਾਬੀ ਨਵੇਂ ਵਿਕਾਸ ਮਾਡਲ ਅਧੀਨ ਨਾਮ ਤੋਂ ਇਸ ਹੱਦ ਤਕ ਦੂਰ ਹੋ ਚੁੱਕਾ ਹੈ ਕਿ ਉਹ ਪਦਾਰਥਕ ਦੌੜ ਵਿਚ ਜਿੱਤ ਹਾਸਲ ਕਰਨ ਲਈ ਕੁਝ ਵੀ ਕਰ ਸਕਦਾ ਹੈ–ਰਿਸ਼ਵਤਖੋਰੀ, ਚਾਪਲੂਸੀ, ਲੁੱਟ ਖਸੁੱਟ, ਸਮਗਲਿੰਗ, ਲੜਾਈ ਝਗੜੇ, ਦਗਾਬਾਜ਼ੀ, ਬੇਈਮਾਨੀ, ਝੂਠ ਫਰੇਬ, ਸੀਨਾਜ਼ੋਰੀ, ਨਸ਼ੀਲੀਆਂ ਦੁਆਈਆਂ ਦੀ ਫਰੋਖ਼ਤ, ਬਲੈਕ, ਮਾਰ-ਕੁੱਟ, ਕਤਲ, ਜਿਸਮ-ਫਰੋਸ਼ੀ, ਮਿਹਨਤ ਅਤੇ ਹੋਰ ਕੁਝ ਵੀ।

ਆਦਿ ਗ੍ਰੰਥ ਤੋਂ ਬੇਮੁਖ ਹੋ ਕੇ ਤਿਆਰ ਕੀਤਾ ਗਿਆ ਪੰਜਾਬ ਦਾ ਇਹ ਖੇਤੀ ਵਿਕਾਸ ਮਾਡਲ, ਜਿਸ ਉੱਪਰ ਪੂਰੀ ਸਰਕਾਰੀ ਮਸ਼ੀਨਰੀ ਅਤੇ ਤਮਾਮ ਰਾਜਨੀਤਕ ਪਾਰਟੀਆਂ ਆਪਣੀ ਜਿੱਤ ਦਾ ਨਿੱਤ ਜਸ਼ਨ ਮਨਾਉਂਦੀਆਂ ਹਨ, ਦਰਅਸਲ ਅਤੀ ਘਿਨਾਉਣਾ ਮਾਡਲ ਹੈ, ਜੋ ਬਾਹਰੋਂ ਭਾਵੇਂ ਕਿੰਨਾ ਵੀ ਲਿਪਿਆ ਪੋਚਿਆ ਨਜ਼ਰ ਆ ਰਿਹਾ ਹੋਵੇ, ਪਰ ਆਪਣੇ ਅੰਦਰ ਕੇਵਲ ਪੰਜਾਬ ਦੀ ਆਤਮਕ ਅਤੇ ਸਭਿਆਚਾਰਕ ਦੁਰਦਸ਼ਾ ਹੀ ਨਹੀਂ ਛੁਪਾਈ ਬੈਠਾ, ਸਗੋਂ ਭਾਰਤੀ ਅਤੇ ਅੰਤਰ-ਰਾਸ਼ਟਰੀ ਸਰਮਾਏਦਾਰੀ ਦੁਆਰਾ ਗਰੀਬ ਪੰਜਾਬੀ ਕਿਸਾਨ, ਪੰਜਾਬ ਦੇ ਪੌਣ ਪਾਣੀ, ਪੰਜਾਬ ਦੀ ਜ਼ਮੀਨ ਦੀ ਸ਼ਕਤੀ ਅਤੇ ਪੰਜਾਬ ਦੀ ਦੌਲਤ ਦੀ ਅੰਧੀ ਲੁੱਟ ਦਾ ਨੰਗਾ ਨਾਚ ਵੀ ਨੱਚ ਰਿਹਾ ਹੈ।

---

**ਪਾਠਕ ਜੀ –** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।
੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ
੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
੪) ਸ਼ਹੀਦੀ ਫੰਡ ਦੀ ਰਕਮ 'ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।
੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

ਕਲਗੀਧਰ ਜੀ ਨਾਲ

# ਪਹਾੜੀ ਹਿੰਦੂ ਰਾਜਿਆਂ ਦੀਆਂ ਲੜਾਈਆਂ (੪)

[ਪ੍ਰੋਫੈਸਰ ਸਾਹਿਬ ਸਿੰਘ ਜੀ ਡੀ.ਲਿਟ,]

## ਚਮਕੌਰ ਦੀ ਲੜਾਈ–

ਅਨੰਦਪੁਰ ਤੋਂ ਚਮਕੌਰ ਰੋਪੜ ਦੇ ਰਸਤੇ, ੩੭ ਕੁ ਮੀਲਾਂ ਦੀ ਵਿੱਥ ਤੇ ਹੈ। ਚਮਕੌਰ ਦੇ ਵਸਨੀਕਾਂ ਤੋਂ ਇਹ ਗੱਲ ਲੁਕੀ ਹੋਈ ਨਹੀਂ ਸੀ ਕਿ ਤੁਰਕਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਫੜਨ ਵਾਸਤੇ ਛੇ ਸੱਤ ਮਹੀਨਿਆਂ ਤੋਂ ਅਨੰਦਪੁਰ ਨੂੰ ਘੇਰਿਆ ਹਇਆ ਸੀ। ਉਹਨਾਂ ਦਾ ਅਪਰਾਧ ਸਿਰਫ਼ ਇਹ ਸੀ ਕਿ ਉਹ ਗਰੀਬ ਪੈਰਾਂ-ਹੇਠ ਲਤਾੜੀਂ ਦੇ ਸੂਦਰ-ਅਖਵਾਂਦੇ ਬੰਦਿਆਂ ਦੀ ਬਾਂਹ ਫੜ ਚੁਕੇ ਹੋਏ ਸਨ। ਆਮ ਜਨਤਾ ਨੂੰ ਸਤਿਗੁਰੂ ਜੀ ਦਾ ਇਹ ਆਦਰਸ਼ ਪਿਆਰਾ ਲੱਗਦਾ ਸੀ। ਤੁਰਕਾਂ ਦੇ ਇਸ ਛੇ ਸੱਤ ਮਹੀਨਿਆਂ ਦੇ ਜ਼ੁਲਮ ਨੇ ਲੋਕਾਂ ਦਾ ਦਿਲ ਗੁਰੂ-ਘਰ ਵਲ ਸਗੋਂ ਵਧੀਕ ਪਰੇਰ ਦਿਤਾ।

**ਚਮਕੌਰ ਅਟਕਣ ਦਾ ਫ਼ੈਸਲਾ**–ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੰਘਾਂ ਤੇ ਪਰਵਾਰ ਸਮੇਤ ਅਨੰਦਪੁਰ ਤੋਂ ੭ ਪੋਹ ਨੂੰ ਪਹਿਰ ਡੇਢ ਪਹਿਰ ਰਹਿੰਦੀ ਰਾਤੇ ਤੁਰੇ ਸਨ। ਦਿਨ ਚੜ੍ਹਦੇ ਸਾਰ ਹੀ ਵੈਰੀਆਂ ਨੇ ਦਗ਼ਾ ਦੇ ਕੇ ਹੱਲਾ ਕਰ ਦਿੱਤਾ। ਵਹੀ-ਦਲ ਨਾਲ ਲੜਦੇ-ਭਿੜਦੇ ਜਦੋਂ ਸਰਸਾ ਨਦੀ ਪਹੁੰਚੇ, ਤਾਂ ਉਸ ਵਿਚ ਹੜ੍ਹ ਠਾਠਾਂ ਮਾਰ ਰਿਹਾ ਸੀ। ਉਥੇ ਭੀ ਸਾਰੇ ਵਹੀਰ ਨੂੰ ਨਦੀ ਪਾਰ ਲੰਘਣ ਦਾ ਸਮਾਂ ਦੇਣ ਲਈ ਸਿੰਘਾਂ ਨੂੰ ਤਲਵਾਰ ਹੀ ਚਲਾਣੀ ਪਈ। ਸਿਆਲ-ਰੁੱਤੇ ਸਰਸਾ ਦੇ ਠੰਢੇ ਪਾਣੀ ਦੇ ਤ੍ਰਿੱਖੇ ਵੇਗ ਨਾਲ ਬੜਾ ਘੋਲ ਕਰਨਾ ਪਿਆ, ਜਿਹੜੇ ਬਚੇ, ਜਦੋਂ ਉਹ ਰੋਪੜ ਅੱਪੜੇ, ਤਾਂ ਅਗੋਂ ਫਿਰ ਵੈਰੀਆਂ ਨੇ ਰਕ ਲਿਆ। ਲੋਢਾ ਪਹਿਰ ਹੋ ਚੁਕਾ ਸੀ। ਅੱਠ ਪਹਿਰ ਅੰਨ ਜਲ ਵਰਤਿਆਂ ਹੋ ਚੁਕੇ ਸਨ। ਢਿਡੋਂ ਭੁੱਖੇ ਉਥੇ ਭੀ ਵੈਰੀ ਨਾਲ ਟਾਕਰਾ ਕਰਦੇ ਰਹੇ। ਸਿਰਫ਼ ਚਾਲੀ ਸਿੰਘ ਬਚੇ।

ਚਮਕੌਰ ਅਪੜਨ ਤਕ ਸਾਰੇ ਦਿਨ ਦੀ ਮਿਹਨਤ ਅਤੇ ਭੁੱਖ ਨਾਲ ਸਾਰੇ ਸਿੰਘ ਥੱਕ ਕੇ ਚੂਰ ਹੋ ਚੁਕੇ ਹੋਏ ਸਨ। ਇਹ ਭੀ ਪਤਾ ਸੀ ਕਿ ਪਿਛੋਂ ਵੈਰੀ ਮਾਰੋ ਮਾਰ ਕਰਦਾ ਆ ਰਿਹਾ ਹੈ। ਸ਼ਾਇਦ ਚਮਕੌਰ ਨਾ ਹੀ ਅਟਕਦੇ। ਪਰ ਖ਼ਬਰ ਆ ਗਈ ਕਿ ਛੇ ਸੱਤ ਮਹੀਨਿਆਂ ਦੇ ਲੰਮੇ ਝਗੜੇ ਨੂੰ ਕਾਮਯਾਬੀ ਨਾਲ ਮੁਕਾਣ ਲਈ ਦਿੱਲੀ ਤੋਂ ਨਵੀਂ ਤਾਜ਼ਾ-ਦਮ ਮੁਗ਼ਲ-ਫ਼ੌਜ ਆ ਰਹੀ ਹੈ; ਜੋ ਚਮਕੌਰ ਦੇ ਨੇੜੇ ਹੀ ਪਹੁੰਚ ਚੁਕੀ ਹੈ। ਸੋ, ਸਿੰਘਾਂ ਦਾ ਚਮਕੌਰ ਤੋਂ ਅਗਾਂਹ ਲੰਘਣਾ ਅਸੰਭਵ ਹੋ ਗਿਆ। ਸਿਰ ਤਾਂ ਪਹਿਲਾਂ ਹੀ ਸਭਨਾਂ ਦੇ ਤਲੀ ਉਤੇ ਸਨ। ਵੈਰੀ ਦੇ ਹੱਥ ਨਹੀਂ ਆਉਣਾ। ਸੋ, ਫ਼ੈਸਲਾ ਹੋਇਆ ਕਿ ਚਮਕੌਰ ਵਿਚ ਹੀ ਟਿਕ ਕੇ ਥਕੇਵਾਂ ਆਦਿਕ ਮੁਕਾਇਆ ਜਾਏ, ਅਤੇ ਸਮਾਂ ਆਉਣ ਤੇ ਵੈਰੀ ਨਾਲ ਜੂਝ ਕੇ ਸ਼ਹੀਦ ਹੋਇਆ ਜਾਏ।

**ਹਵੇਲੀ ਵਿਚ ਟਿਕਾਣਾ**–ਪਿੰਡ ਵਿਚ ਇਕੋ ਇਕ ਐਸੀ ਹਵੇਲੀ ਸੀ ਜਿਥੇ ਸਤਿਗੁਰੂ ਜੀ, ਦੋਵੇਂ ਸਾਹਿਬਜ਼ਾਦੇ ਅਤੇ ਚਾਲੀ ਸਿੰਘ ਆਪਣੇ ਘੋੜਿਆ ਸਮੇਤ ਇਕੱਠੇ ਟਿਕ ਸਕਣ ਅਤੇ ਲੋੜ ਪੈਣ ਤੇ ਆ ਪਏ ਵੈਰੀ ਦਾ ਟਾਕਰਾ ਕਰ ਸਕਣ। ਪਿੰਡ ਦੇ ਲੋਕ ਇਸ ਨੂੰ ਗੜ੍ਹੀ ਸੱਦਦੇ ਸਨ। ਮਾਲਕ ਨੇ ਇਹ ਗੜ੍ਹੀ ਸਿੰਘਾਂ ਦੇ ਹਵਾਲੇ ਕਰ ਦਿੱਤੀ ਅਤੇ ਪਿੰਡ-ਵਾਸੀਆਂ ਨੇ ਪ੍ਰਸ਼ਾਦ ਕੱਪੜੇ ਆਦਿਕ ਨਾਲ ਲੋੜੀਂਦੀ ਸੇਵਾ ਕੀਤੀ।

**ਹਵੇਲੀ ਉਤੇ ਹੱਲੇ**–੮ ਪੋਹ ਦੀ ਸਵੇਰ ਨੂੰ ਵੈਰੀ-ਦਲ ਨੇ ਦੋਹਾਂ ਪਾਸਿਆ ਤੋਂ ਪਹੁੰਚ ਕੇ ਗੜ੍ਹੀ ਨੂੰ ਚੁਫੇਰਿਓਂ ਘੇਰ ਲਿਆ। ਸ਼ਾਹੀ ਜਰਨੈਲਾਂ ਦੇ ਪੁੱਛਣ ਤੇ ਪਿੰਡ ਵਾਲਿਆਂ ਨੇ ਦਸ ਦਿੱਤਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸ਼ਾਮ ਵੇਲੇ ਤਾਂ ਸਿਰਫ਼ ਚਾਲੀ ਸਿੰਘ ਆਏ ਸਨ, ਰਾਤ ਵੇਲੇ ਹੋਰ ਸਿੰਘ ਪਹੁੰਚ ਗਏ ਹੋਣਗੇ। ਸਿੰਘਾਂ ਦੀ ਇਤਨੀ ਥੋੜੀ ਗਿਣਤੀ ਦਾ ਪਤਾ ਲੱਗਣ ਤੇ ਵੈਰੀ-ਦਲ ਨੇ ਬੜੇ ਹੌਸਲੇ ਤੇ ਭਰੋਸੇ ਨਾਲ ਗੜ੍ਹੀ ਉਤੇ ਹੱਲੇ ਕਰਨੇ ਸ਼ੁਰੂ ਕੀਤੇ। ਸਤਿਗੁਰੂ ਜੀ ਨੇ ਭੀ ਗੜ੍ਹੀ ਦੇ ਅੰਦਰ-ਵਾਰ ਸਿੰਘਾਂ ਦੇ ਇਸ ਤਰ੍ਹਾਂ ਮੋਰਚ ਕਾਇਮ ਕਰਾਏ ਹੋਏ ਸਨ ਕਿ ਉਹ ਵੈਰੀ ਨੂੰ ਚੁਫੇਰਿਓਂ ਹੀ ਰੋਕ ਸਕਣ। ਅੰਦਰੋਂ ਮੀਂਹ ਵਾਂਗ ਤੀਰਾਂ ਦੀ ਵਰਖਾ ਵੇਖ ਕੇ ਕਿਸੇ ਨੂੰ ਗੜ੍ਹੀ



www.AKJ.Org

ਦੇ ਨੇੜੇ ਢੁੱਕਣ ਦਾ ਹੌਸਲਾ ਨਹੀਂ ਸੀ ਪੈਂਦਾ। ਵੈਰੀ-ਦਲ ਦੇ ਕਈ ਜੋਧੇ ਸਰਦਾਰ, ਸਿੰਘਾਂ ਦੇ ਤੀਰਾਂ ਨਾਲ ਸਦਾ ਲਈ ਸੌਂ ਗਏ। ਗੜ੍ਹੀ ਦੀ ਓਟ ਵਿਚ ਸਿੰਘਾਂ ਦਾ ਕੋਈ ਜਾਨੀ ਨੁਕਸਾਨ ਨਾ ਹੋਇਆ। ਵੈਰੀ ਦਾ ਤੋਪਖ਼ਾਨਾ ਤਾਂ ਸਰਸਾ ਤੋਂ ਉਰੇ ਆ ਹੀ ਨਹੀਂ ਸਕਿਆ ਸੀ।

**ਤਲਵਾਰ ਦੀ ਲੜਾਈ**–ਸਿੰਘਾਂ ਪਾਸੋਂ ਤੀਰ ਤੇ ਗੋਲੀ-ਬਰੂਦ ਮੁੱਕਣ ਤੇ ਆ ਗਏ। ਦਿਨ ਭਾਵੇਂ ਭਰ-ਸਿਆਲੀ ਹੋਣ ਕਰਕੇ ਛੋਟੇ ਤੋਂ ਛੋਟਾ ਸੀ, ਤੇ ਲੋਢਾ ਪਹਿਰ ਹੋ ਚੁਕਿਆ ਸੀ, ਫਿਰ ਭੀ ਹੁਣ ਇਸ ਗੱਲ ਦੀ ਵਧੀਕ ਲੋੜ ਜਾਪੀ ਕਿ ਤਲਵਾਰ ਦੇ ਦੋ ਹੱਥ ਕੀਤੇ ਜਾਣ। ਸਿੰਘਾਂ ਦੇ ਛੋਟੇ-ਛੋਟੇ ਜਥੇ ਬਣਾਏ ਗਏ। ਇਕ ਇਕ ਕਰਕੇ ਹਰੇਕ ਜੱਥਾ ਗੜ੍ਹੀ ਤੋਂ ਬਾਹਰ ਭੇਜਿਆ ਜਾਣਾ ਸੀ। ਇਕ ਜੱਥਾ ਸ਼ਹੀਦ ਹੋ ਜਾਣ ਤੇ ਦੂਜਾ ਜੱਥਾ ਜਾਂਦਾ ਸੀ। ਵੈਰੀ-ਦਲ ਨੂੰ ਗੜ੍ਹੀ ਤੋਂ ਪਰੇਡੇ ਰੱਖਣ ਲਈ ਲੋੜ ਅਨੁਸਾਰ ਕਦੇ ਕਦੇ ਤੀਰ ਭੀ ਵਰਤੇ ਜਾਂਦੇ ਸਨ।

**ਸਾਹਿਬਜ਼ਾਦਿਆਂ ਦੀ ਸ਼ਹੀਦੀ**–ਦੋ ਜੱਥਿਆਂ ਦੇ ਸਰਦਾਰ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਥਾਪੇ ਗਏ। ਬਾਬਾ ਅਜੀਤ ਸਿੰਘ ਜੀ ਦੀ ਉਮਰ ਉਸ ਵੇਲੇ ੧੭ ਸਾਲ ਅਤੇ ਬਾਬਾ ਜੁਝਾਰ ਸਿੰਘ ਜੀ ਦੀ ੧੫ ਸਾਲ ਦੇ ਕਰੀਬ ਸੀ। ਵਾਰੀ-ਸਿਰ ਉਹਨਾਂ ਨੂੰ ਭੀ ਜਾਣ ਦੀ ਆਗਿਆ ਮਿਲੀ। ਗੁਰੂ ਗੋਬਿੰਦ ਸਿੰਘ ਜੀ ਨੇ ਗ਼ਰੀਬ ਹਿੰਦੂ-ਜਨਤਾ ਦੀ ਖ਼ਾਤਰ ਆਪਣੇ ਜਿਗਰ ਦੇ ਟੋਟੇ ਆਪਣੀਆਂ ਅੱਖਾਂ ਦੇ ਸਾਹਮਣੇ ਕੁਰਬਾਨੀ ਲਈ ਪੇਸ਼ ਕਰ ਕੇ ਦੁਨੀਆ ਵਾਸਤੇ ਬੇ-ਮਿਸਾਲ ਪੂਰਨੇ ਪਾ ਦਿੱਤੇ।

ਬਾਬਾ ਅਜੀਤ ਸਿੰਘ ਜੀ ਸਾਥੀ ਸਿੰਘਾਂ ਸਮੇਤ ਤਲਵਾਰ ਦੇ ਹੱਥ ਵਿਖਾਂਦੇ ਸ਼ਹੀਦ ਹੋ ਗਏ। ਉਹਨਾਂ ਤੋਂ ਪਿਛੋਂ ਬਾਬਾ ਜੁਝਾਰ ਸਿੰਘ ਜੀ ਆਪਣੇ ਜੱਥੇ ਸਮੇਤ ਗੜ੍ਹੀ ਤੋਂ ਬਾਹਰ ਰਣ-ਭੂਮੀ ਵਿਚ ਪਹੁੰਚੇ ਅਤੇ ਆਪਣੀ ਸ਼ਹੀਦੀ ਨਾਲ ਭਾਰਤ-ਵਾਸੀ ਹਿੰਦੂ-ਜਨਤਾ ਨੂੰ ਸਦਾ ਲਈ ਰਿਣੀ ਕਰ ਗਏ। ਕ੍ਰਿਤੱਗ ਭਾਰਤ-ਵਾਸੀਆਂ ਲਈ ੮ ਪੋਹ ਦਾ ਦਿਹਾੜਾ ਸਦਾ ਵਾਸਤੇ ਚਾਨਣ-ਮੁਨਾਰੇ ਦਾ ਕੰਮ ਦੇਵੇਗਾ। ਅੱਜ ਕਲ੍ਹ ਅੰਗਰੇਜ਼ੀ ਮਹੀਨਿਆਂ ਦੇ ਹਿਸਾਬ ਇਹ ਦਿਨ ਆਮ ਤੌਰ ਤੇ ੨੨ ਦਸੰਬਰ ਨੂੰ ਆਉਂਦਾ ਹੈ।

ਜਿਸ ਹਵੇਲੀ ਵਿਚ ਸਤਿਗੁਰੂ ਜੀ ਨੇ ਬਾਦਸ਼ਾਹੀ ਫ਼ੌਜ ਦਾ ਟਾਕਰਾ ਕੀਤਾ ਸੀ, ਉਸ ਦਾ ਨਾਮ 'ਗੜ੍ਹੀ ਸਾਹਿਬ' ਹੈ। ਉਥੇ ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ। ਸਤਿਗੁਰੂ ਜੀ ਨੇ ਖ਼ਾਲਸੇ ਨੂੰ ਗੁਰਤਾ ਉਥੇ ਹੀ ਦਿਤੀ ਸੀ। ਇਸ ਵਾਸਤੇ ਉਸ ਦਾ ਨਾਮ 'ਤਿਲਕ ਅਸਥਾਨ' ਪਰਸਿੱਧ ਹੋ ਗਿਆ ਹੈ। ਚਮਕੌਰ ਦੀ ਰਣ-ਭੂਮੀ ਵਿਚ, ਜਿੱਥੇ ਸਾਹਿਬਜ਼ਾਦੇ ਸ਼ਹੀਦ ਹੋਏ ਅਤੇ ਜਿੱਥੇ ਸਾਹਿਬਜ਼ਾਦਿਆਂ ਅਤੇ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਹੋਇਆ ਸੀ, ਉਥੇ ਗੁਰਦੁਆਰਾ ਬਣਿਆਂ ਹੋਇਆ ਹੈ, ਜਿਸ ਦਾ ਨਾਮ 'ਕਤਲ ਗੜ੍ਹ' ਹੈ। ਹਰ ਸਾਲ ੮ ਪੋਹ ਨੂੰ ਭਾਰੀ ਮੇਲਾ ਹੁੰਦਾ ਹੈ।

**ਬੇ ਮਿਸਾਲ ਮਰਦਾਨਗੀ ਤੇ ਯੁਧ ਕਲਾ**–ਪਿੰਡਾਂ ਦੇ ਕਈ ਸਰਦੇ-ਪੁਜਦੇ ਕਿਸਾਨ ਲੋਕ, ਜਿਨ੍ਹਾਂ ਦੇ ਮਾਲ-ਡੰਗਰ ਬਹੁਤੇ ਹੋਣ, ਪਿੰਡ ਤੋਂ ਨਿਵੇਕਲੀ ਖੁਲ੍ਹੀ ਵੱਡੀ ਹਵੇਲੀ ਬਣਾ ਲੈਂਦੇ ਹਨ, ਜਿਸ ਵਿਚ ਉਹ ਆਪਣੇ ਪਸ਼ੂ ਬੰਨ੍ਹਦੇ ਹਨ। ਆਮ ਤੌਰ ਤੇ ਇਹ ਹਵੇਲੀ ਕੱਚੀ ਹੀ ਹੁੰਦੀ ਹੈ। ਕਈ ਕਿਸਾਨ ਆਪਣੇ ਬਹਿਣ-ਖਲੋਣ ਲਈ ਭੀ ਉਸ ਵਿਚ ਇਕ ਪਾਸੇ ਇਕ ਦੋ ਬੈਠਕਾਂ ਬਣਾ ਲੈਂਦੇ ਹਨ। ਕਈ ਵਾਰੀ ਰਿਹਾਇਸ਼ ਦਾ ਪਰਬੰਧ ਭੀ ਓਸੇ ਵਿਚ ਹੀ ਕਰ ਲਿਆ ਜਾਂਦਾ ਹੈ। ਜੇ ਮਾਲ-ਡੰਗਰ ਦੀ ਚੋਰੀ ਦੇ ਡਰ ਤੋਂ ਉਸ ਹਵੇਲੀ ਦੀਆਂ ਕੰਧਾਂ ਰਤਾ ਮੁਟੇਰੀਆਂ ਤੇ ਉਚੀਆਂ ਬਣਾ ਲਈਆਂ ਜਾਣ ਤਾਂ ਲੋਕ ਉਸ ਨੂੰ ਭੀ ਗੜ੍ਹੀ ਸਦਣ ਲੱਗ ਪੈਂਦੇ ਹਨ। ਮਸਾਂ ਸੱਤ ਅੱਠ ਕਨਾਲਾਂ ਥਾਂ ਹੀ ਅਜਿਹੀ ਹਵੇਲੀ ਮਲਦੀ ਹੈ।

ਪਾਠਕ ਲਫ਼ਜ਼ 'ਗੜ੍ਹੀ' ਤੋਂ ਹੀ ਟਪਲਾ ਨਾ ਖਾ ਜਾਣ। ਛੋਟੇ ਛੋਟੇ ਪਿੰਡਾਂ ਨੂੰ ਕਿਲ੍ਹਿਆਂ ਦੀ ਲੋੜ ਨਹੀਂ ਪਿਆ ਕਰਦੀ। ਕਿਲ੍ਹੇ ਸ਼ਹਿਰਾਂ ਦੀ ਹਿਫ਼ਾਜ਼ਤ ਵਾਸਤੇ ਬਣਾਏ ਜਾਂਦੇ ਸਨ। ਸੋ, ਜਿਸ ਗੜ੍ਹੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਚਾਲੀ ਸਿੰਘਾਂ ਸਮੇਤ ਡੇਰਾ ਕੀਤਾ ਸੀ, ਉਹ ਕਿਲ੍ਹਾ ਨਹੀਂ ਸੀ। ਉਹ ਇਕ ਹਵੇਲੀ ਸੀ, ਪਰ ਰਤਾ ਵਡੇਰੀ।

ਉਸ ਹਵੇਲੀ ਦੇ ਚੁਫੇਰੇ ਮੀਲਾਂ ਤਕ ਵੈਰੀ ਦਲ ਠਾਠਾਂ ਮਾਰ ਰਿਹਾ ਸੀ, ਹਜ਼ਾਰਾਂ ਦੀ ਨਹੀਂ, ਲੱਖਾਂ ਦੀ



www.AKJ.Org

ਗਿਣਤੀ ਵਿਚ। ਗੁਰੂ ਗੋਬਿੰਦ ਸਿੰਘ ਜੀ ਨੂੰ, ਸਾਹਿਬਜ਼ਾਦਿਆਂ ਨੂੰ ਅਤੇ ਚਾਲੀ ਸਿੰਘਾਂ ਨੂੰ, ਸਭਨਾਂ ਨੂੰ ਇਹ ਪਤਾ ਸੀ ਕਿ ਲੜਾਈ ਕਰ ਕੇ ਇਤਨੇ ਵੱਡੇ ਵੈਰੀ-ਦਲ ਨੂੰ ਭਾਂਜ ਨਹੀਂ ਦਿਤੀ ਜਾ ਸਕਦੀ। ਜੇ ਵੈਰੀ ਨਿਰਾ ਘੇਰਾ ਪਾ ਕੇ ਬੈਠੇ ਰਹਿੰਦੇ ਤਾਂ ਭੀ ਸਿਰਫ਼ ਭੁੱਖ ਤ੍ਰਿਹ ਨਾਲ ਹੀ ਘਿਰੇ ਹੋਏ ਯੋਧੇ ਥੋੜੇ ਹੀ ਦਿਨਾਂ ਵਿਚ ਆਪਣੇ ਆਪ ਮੁੱਕ ਜਾਂਦੇ।

ਜਿੰਦ ਕਿਸ ਨੂੰ ਪਿਆਰੀ ਨਹੀਂ ਹੁੰਦੀ? ਸਾਰੇ ਹਿੰਦੁਸਤਾਨ ਦੇ ਮੁਗ਼ਲ-ਬਾਦਸ਼ਾਹ ਔਰੰਗਜ਼ੇਬ ਦੀ ਕਸਮਾਂ-ਭਰੀ ਚਿੱਠੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਮੌਜੂਦ ਸੀ। ਸਿੰਘਾਂ ਨੂੰ ਵੀ ਉਸ ਚਿੱਠੀ ਦਾ ਪਤਾ ਸੀ। ਮੁਗ਼ਲ ਜਰਨਲਾਂ ਨੇ ਉਸ ਚਿੱਠੀ ਦਾ ਵਾਸਤਾ ਪਾ ਕੇ ਸਤਿਗੁਰੂ ਜੀ ਨੂੰ ਮੁੜ ਪ੍ਰੇਰਿਆ ਹੋਵੇਗਾ। ਉਹਨਾਂ ਦੀ ਜਿੱਤ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਹਿਬਜ਼ਾਦਿਆਂ ਅਤੇ ਚਾਲੀ ਸਿੰਘਾਂ ਸਮੇਤ ਮਾਰ ਮੁਕਾਣ ਵਿਚ ਨਹੀਂ ਸੀ ਹੋ ਸਕਦੀ। ਉਹਨਾਂ ਦੀ ਸ਼ਾਨ ਬਣਦੀ ਸੀ ਜੇ ਉਹ ਗ਼ਰੀਬਾਂ ਦੇ ਦਿਲ ਦੇ ਪਾਤਿਸ਼ਾਹ ਸਤਿਗੁਰੂ ਜੀ ਨੂੰ ਜੀਊਂਦਿਆਂ ਫੜ ਲੈਣ। ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਬਗ਼ਾਵਤ ਨਹੀਂ ਸੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਗੁਆਂਢੀ ਰਜਵਾੜੇ ਉਤੇ ਹਮਲਾ ਕਰ ਕੇ ਕਿਸੇ ਦੀ ਚੱਪਾ-ਭਰ ਭੁਇਂ ਨਹੀਂ ਸੀ ਮੱਲੀ। ਮੁਗ਼ਲ ਹਾਕਮਾਂ ਤੇ ਪਹਾੜੀ ਰਾਜਿਆਂ ਨੂੰ ਉਹਨਾਂ ਦੇ ਹੱਥੋਂ ਕੀ ਤਕਲੀਫ਼ ਸੀ? ਬੱਸ! ਇਹੀ ਕਿ ਉਹਨਾਂ ਨੂੰ ਗੁਰੂ ਨਾਨਕ ਪਾਤਿਸ਼ਾਹ ਦੇ ਪੂਰਨਿਆਂ ਉਤੇ ਤੁਰ ਕੇ ਸਦੀਆਂ ਤੋਂ ਜਾਬਰਾਂ ਦੇ ਪੈਰਾਂ ਹੇਠ ਲਤਾੜੀਂਦੀ ਗ਼ਰੀਬ ਹਿੰਦੂ-ਜਨਤਾ ਨੂੰ ਜਗਾ ਕੇ ਉਸ ਦੇ ਅੰਦਰ ਮਨੁੱਖਤਾ ਦਾ ਅਹਿਸਾਸ ਪੈਦਾ ਕਰ ਦਿਤਾ ਸੀ। ਉਹ ਉਸ ਸੋਮੇ ਨੂੰ ਸੁਕਾਣਾ ਚਾਹੁੰਦੇ ਸਨ ਜਿਸ ਤੋਂ ਆਬਿ-ਹਯਾਤ (ਅੰਮ੍ਰਿਤ) ਲੈ ਕੇ ਮੁਰਦਾ ਰੂਹਾਂ ਜੀਊ ਉੱਠੀਆਂ ਸਨ।

ਗ਼ਰੀਬਾਂ ਦੀ ਬਾਂਹ ਫੜਨ ਵਾਲਾ ਅਸੂਲ ਛੱਡਣਾ ਅਣਖੀਲੇ ਗੁਰੂ ਗੋਬਿੰਦ ਸਿੰਘ ਜੀ ਵਾਸਤੇ ਅਸੰਭਵ ਸੀ। ਸਾਹਿਬਜ਼ਾਦੇ ਭੀ ਉਸੇ ਪਵਿੱਤਰ ਮਿੱਟੀ ਦੇ ਬਣੇ ਹੋਏ ਸਨ। ਇਕੱਲੇ ਇਕੱਲੇ ਭੀ ਲੱਖਾਂ ਉਤੇ ਭਾਰੂ ਹੋਣ ਵਾਲੇ ਉਹ ਚਾਲੀ ਸਿੰਘ ਉਹੀ ਸਨ, ਜਿਹੜੇ ਅੱਜ ਤੋਂ ਸਿਰਫ਼ ਸਾਢੇ ਚਾਰ ਸਾਲ ਪਹਿਲਾਂ ਇਹਨਾਂ ਜਾਬਰਾਂ ਦੀਆਂ ਨਜ਼ਰਾਂ ਵਿਚ ਨਾਈ ਛੀਂਬੇ ਝਿਊਰ ਆਦਿਕ ਸ਼ੂਦਰ ਹੀ ਸਨ। ਉਹਨਾਂ ਸੂਰਮੇ ਮਰਦਾਂ ਨੇ ਸਿਰ ਤਲੀ ਉਤੇ ਰੱਖ ਕੇ ਮਨੁੱਖਤਾ ਦਾ ਉਹ ਅਹਿਸਾਸ ਜਿੰਦ ਦੇ ਵੱਟੇ ਮੁੱਲ ਲਿਆ ਸੀ। ਉਹਨਾਂ ਨੇ ਮਨੁੱਖੀ ਸੁਤੰਤਰਤਾ ਦਾ ਸੁਆਦ ਚੱਖ ਵੇਖਿਆ ਸੀ। ਹੁਣ ਕਿਸੇ ਤਰ੍ਹਾਂ ਦੀ ਭੀ ਕਮਜ਼ੋਰੀ ਵਿਚ ਆ ਕੇ ਉਹ ਸੁਆਦ ਵੰਞਾਇਆ ਨਹੀਂ ਜਾ ਸਕਦਾ ਸੀ।

ਜੇ ਵੈਰੀ-ਦਲ ਦਾ ਇਕ ਸੌ ਬੰਦਾ ਹੀ ਸਿਰਫ਼ ਕਹੀਆਂ ਲੈ ਕੇ ਉਸ ਹਵੇਲੀ ਦੀ ਕੰਧ ਨੂੰ ਢਾਹੁਣ ਲੱਗ ਪੈਂਦਾ, ਤਾਂ ਦੋ ਘੰਟੇ ਭੀ ਨਾ ਲੱਗਦੇ ਤੇ ਕੰਧ ਹੇਠਾਂ ਆ ਪੈਂਦੀ। ਪਰ ਜਿਨ੍ਹਾਂ ਸੂਰੇ ਮਰਦਾਂ ਨੇ ਜਾਨਾਂ ਤਲੀ ਉਤੇ ਰੱਖੀਆਂ ਹੋਈਆਂ ਸਨ, ਉਹਨਾਂ ਦੇ ਨੇੜੇ ਢੁੱਕਣ ਦੀ ਕਿਸੇ ਨੂੰ ਹਿੰਮਤ ਨਹੀਂ ਸੀ ਪੈਂਦੀ। ਵੈਰੀ ਜਰਨੈਲ ਤੇ ਰਾਜੇ ਉਂਗਲਾਂ ਮੂੰਹ ਵਿਚ ਪਾ ਰਹੇ ਸਨ ਕਿ ਇਤਨੀ ਕਟਕ ਦੀ ਮਰਦਾਨਗੀ ਇਹਨਾਂ ਲੋਕਾਂ ਵਿਚ ਕਿਥੋਂ ਆ ਗਈ।

ਜਦੋਂ ਰਣ-ਭੂਮੀ ਵਿਚ ਦੋ ਦਲ ਸ਼ਸਤਰ ਹੱਥਾਂ ਵਿਚ ਫੜ ਕੇ ਭਿੜ ਰਹੇ ਹੋਣ, ਭਾਰੇ ਪਾਸੇ ਵਾਲਾ ਆਪਣੀ ਸਭ ਤੋਂ ਵੱਡੀ ਜਿੱਤ ਇਸ ਗੱਲ ਵਿਚ ਸਮਝਦਾ ਹੈ ਕਿ ਉਹ ਆਪਣੇ ਵਿਰੋਧੀ ਦਲ ਦੇ ਚੋਣਵੇਂ ਸਿਰ-ਕੱਢ ਸਰਦਾਰਾਂ ਨੂੰ ਜੀਉਂਦਿਆ ਫੜ ਸਕੇ। ਸਿੰਘਾਂ ਦੇ ਦਿਲ ਦੇ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਦੇ ਰੋਮ ਰੋਮ ਵਿਚ ਇਹ ਗੱਲ ਧਸਾਈ ਹੋਈ ਸੀ ਕਿ ਜੀਊਂਦਿਆਂ ਵੈਰੀ ਦੇ ਕਾਬੂ ਨਹੀਂ ਆਉਣਾ। ਜਿੰਦ ਪਿਆਰੀ ਹੈ,ਪਰ ਜਿੰਦ ਨਾਲੋਂ ਭੀ ਪਿਆਰੀ ਹੈ ਸੁਤੰਤਰਤਾ। ਜਿੰਦ ਨਾਲੋਂ ਭੀ ਪਿਆਰਾ ਹੈ ਉੱਚਾ ਆਦਰਸ਼।

ਚਮਕੌਰ ਦੀ ਉਸ ਹਵੇਲੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦੋ ਸਾਹਿਬਜ਼ਾਦਿਆਂ ਅਤੇ ਚਾਲੀ ਸਿੰਘਾਂ ਸਮੇਤ, ਮਰਦਾਨਗੀ ਅਤੇ ਯੁੱਧ-ਕਲਾ ਦੇ ਐਸੇ ਪੂਰਨੇ ਪਾ ਗਏ, ਜੋ ਰਹਿੰਦੀ-ਦੁਨੀਆ ਤਕ ਬੇ-ਮਿਸਾਲ ਕਰਾਮਾਤ ਦਿੱਸਦੇ ਰਹਿਣਗੇ। ਜਦੋਂ ਕਿਸੇ ਦੇਸ਼ ਜਾਂ ਕੌਮ ਦੇ ਬੰਦੇ ਆਪਣੇ ਸੁਖ ਦੀ ਖ਼ਾਤਰ ਜੀਊਣ ਦਾ ਨਵਾਂ ਰਾਹ ਮੱਲਦੇ ਹਨ, ਤਾਂ ਉਹ ਕੌਮ ਤੇ ਦੇਸ ਚਮਕ ਪੈਂਦੇ ਹਨ।

**ਘੇਰੇ ਵਿਚ ਸਿਰਫ਼ ਗਿਆਰਾਂ ਸਿੰਘ**—ਜਦੋਂ ਬਾਬਾ ਜੁਝਾਰ ਸਿੰਘ ਜੀ ਅਤੇ ਉਹਨਾਂ ਦੇ ਨਾਲ ਭੇਜੇ ਹੋਏ ਸਿੰਘ ਸ਼ਹੀਦ ਹੋ ਗਏ, ਉਸ ਵੇਲੇ ਤਕ ਸੂਰਜ ਡੁੱਬ ਚੁਕਾ ਸੀ ਅਤੇ ਹਨੇਰਾ ਹੋ ਗਿਆ ਸੀ। ਗੜ੍ਹੀ ਵਿਚ ਗੁਰੂ ਗੋਬਿੰਦ

ਸਿੰਘ ਜੀ ਦੇ ਨਾਲ ਸਿਰਫ਼ ਗਿਆਰਾਂ ਸਿੰਘ ਰਹਿ ਗਏ ਸਨ । ਉਹਨਾਂ ਦੇ ਨਾਮ ਸਿੱਖ-ਇਤਿਹਾਸ ਨੇ ਇਉਂ ਲਿਖੇ ਹਨ—

ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਸੰਗਤ ਸਿੰਘ, ਭਾਈ ਸੰਤ ਸਿੰਘ, ਭਾਈ ਰਾਮ ਸਿੰਘ, ਭਾ: ਕੇਹਰ ਸਿੰਘ, ਭਾ: ਸੰਤੋਖ ਸਿੰਘ, ਭਾ: ਦੇਵਾ ਸਿੰਘ, ਭਾਈ ਜੀਊਣ ਸਿੰਘ, ਭਾ: ਕਾਠਾ ਸਿੰਘ ।

**ਵੈਰੀ ਦੀਆਂ ਆਸਾਂ**—ਮੁਗਲ ਜਰਨੈਲਾਂ ਤੇ ਪਹਾੜੀ ਰਾਜਿਆਂ ਨੇ ਸਾਰੇ ਦਿਨ ਦੀ ਲੜਾਈ ਤੋਂ ਇਹ ਅੰਦਾਜ਼ਾ ਲਾ ਲਿਆ ਸੀ ਕਿ ਗੜ੍ਹੀ ਵਿਚ ਹੁਣ ਬਿਲਕੁਲ ਗਿਣਤੀ ਦੇ ਹੀ ਸਿੰਘ ਰਹਿ ਗਏ ਹਨ । ਰਾਤ ਨੂੰ ਲੜਾਈ ਜਾਰੀ ਰੱਖਣ ਦੀ ਉਹਨਾਂ ਕੋਈ ਖ਼ਾਸ ਲੋੜ ਨਾ ਸਮਝੀ । ਉਹਨਾਂ ਨੂੰ ਯਕੀਨ ਸੀ ਕਿ ਦਿਨ ਚੜ੍ਹੇ ਪਲੋ-ਪਲੀ ਵਿਚ ਹੱਥੋ-ਹੱਥ ਗੁਰੂ ਗੋਬਿੰਦ ਸਿੰਘ ਜੀ ਨੂੰ ਰਹਿ ਗਏ ਸਿੰਘਾਂ ਸਮੇਤ ਜੀਊਂਦੇ ਫੜ ਲਵਾਂਗੇ । ਗੜ੍ਹੀ ਦੇ ਚੁਫੇਰੇ ਮੀਲਾਂ ਤਕ ਮੁਗਲ ਤੇ ਪਹਾੜੀ ਫ਼ੌਜਾਂ ਦੇ ਡੇਰੇ ਲੱਗੇ ਹੋਏ ਸਨ । ਜਰਨੈਲਾਂ ਨੂੰ ਬੇ-ਫ਼ਿਕਰੀ ਹੋ ਗਈ । ਇਤਨੇ ਭਾਰੇ ਦਲ ਵਿਚੋਂ-ਦੀ ਸਤਿਗੁਰੂ ਜੀ ਦਾ ਅਛੋਪ ਲੰਘ ਜਾਣਾ ਉਹਨਾਂ ਦੇ ਖ਼ਿਆਲ ਅਨੁਸਾਰ ਅਸੰਭਵ ਸੀ ।

## ਕਸ਼ਟ-ਨਵਿਰਤੀ ਲਈ ਅਰਦਾਸ

ਗੁਰਮੁਖ ਵੀਰ ਨੂੰ ਅੰਤ ਔਸਰੇ ਕਸ਼ਟ ਕਿਉਂ ਹੋਏ ? ਇਨ੍ਹਾਂ ਦੀ ਨਵਿਰਤੀ ਲਈ ਅਰਦਾਸਾ ਹੋਣਾ ਅਤੀ ਜ਼ਰੂਰੀ ਹੈ ।

ਸਾਡੇ ਸਾਹਮਣੇ ਉਸ ਸਮੇਂ ਭਾਈ ਭਗਤੂ ਜੀ ਗੁਰੂ ਪੰਚਮ ਪਾਤਸ਼ਾਹੀ ਦੇ ਅਨਿੰਨ ਭਗਤ ਦੀ ਨਜ਼ੀਰ ਆ ਖੜੋਵੇ । ਅਫ਼ਜ਼ਲ ਗੁਰਮਤਿ ਕਰਣੀ ਵਾਲੇ ਭਾਈ ਭਗਤੂ ਜੀ ਨੂੰ ਅੰਤ-ਔਸਰ ਬੜਾ ਹੀ ਕਸ਼ਟ ਹੋਇਆ ਸੀ, ਅਤੀਸਾਰ ਵਿਚ (ਮਰੋੜਾਂ ਦੀ ਬੀਮਾਰੀ ਵਿਚ) ਬੜੇ ਹੀ ਮੁਬਤਲਾ ਰਹੇ ਸਨ । ਗੁਰਸਿਖ ਦੇ ਸਮੁਦਾਇਕ ਤੇ ਬਹੁਤ ਸਾਰੇ ਹੋਰ ਦੁਨਿਆਵੀ ਵਡੇਰਿਆਂ ਨੇ ਜਦੋਂ ਆ ਕੇ ਭਾਈ ਭਗਤੂ ਜੀ ਦੇ ਅਗੇ ਇਹ ਸੰਸਾ ਪ੍ਰਗਟ ਕਰਨਾ, ਤਾਂ ਉਨ੍ਹਾਂ (ਭਾਈ ਭਗਤੂ ਜੀ) ਨੇ ਉਤਰ ਦੇਣਾ ਕਿ ਪਿਛਲੇ ਜਨਮ ਦੇ ਸਾਰੇ ਕਸ਼ਟ ਇਥੇ ਹੀ ਨਿਵਾਰ ਜਾਣੇ ਹਨ, ਰਾਈ ਮਾਤਰ ਵੀ ਨਹੀਂ ਰਹਿਣ ਦੇਣੇ । ਜਦੋਂ ਦੂਜਾ ਸਵਾਲ ਉਨ੍ਹਾਂ ਅਗੇ ਇਹ ਕਰਨਾ, ਕਿ ਤੁਸੀਂ ਗੁਰੂ ਦੇ ਇਤਨੇ ਅਨਿੰਨ ਭਗਤ ਹੋ, ਜੇ ਤੁਸੀਂ ਗੁਰੂ ਸਾਹਿਬਾਨ ਅਗੇ ਬੇਨਤੀ ਕਰੋ ਤਾਂ ਕੀ ਇਹ ਕਸ਼ਟ ਨਿਵਾਰੇ ਨਾ ਜਾਣ ? ਤਿਸ ਪਰ ਭਾਈ ਭਗਤੂ ਜੀ ਨੇ ਇਹ ਉਤਰ ਦੇਣਾ, ਕਿ ਭਲਿਓ ਲੋਕੋ ! ਗੁਰੂ ਸਾਹਿਬਾਨ ਪਾਸੋਂ ਇਹ ਅਸਾਂ ਮੰਗ ਮੰਗਣੀ ਹੈ ? ਬੜੀ ਕੁਹਜੀ ਮੰਗ ਮੰਗਣੀ ਹੈ । ਸਰੀਰ ਤੇ ਕਸ਼ਟ ਸਹਿਣਾ ਗੁਰਸਿੱਖਾਂ ਦਾ ਅਤਿ ਫ਼ਰਜ਼ ਹੈ । ਇਨ੍ਹਾਂ ਕਸ਼ਟਾਂ ਨੂੰ ਗੁਰੂ ਅਗੇ ਜੋਦੜੀਆਂ ਕਰ ਕੇ ਜਤਲਾਉਣਾ ਮਹਾਂ ਕਮਜ਼ੋਰੀ ਹੈ ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਰੰਗਲੇ ਸਜਣ' ਵਿਚੋਂ


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਰੰਗਲੇ ਸੱਜਣ (ਨਵੀਂ ਛਾਪ) | ੧੬-੦੦ | ਗੁਰਮਤਿ ਸੱਚ ਨਿਰਣੈ (ਨਵੀਂ ਛਾਪ) | ੧੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਜੇਲ੍ਹ ਚਿੱਠੀਆਂ | ੩੦-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਗੁਰਮਤਿ ਲੇਖ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ ? ੨-੫੦ ਅੰਮ੍ਰਿਤ ਕਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਉਮਰ ਕੈਦੀ ਦਾ ਸੁਪਨਾ | ੧-੨੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-[illegible] | [illegible] ਗਿਆਨ ਤੋਂ ਉਜਿਆਰਾ | ੦-੫੦ |


www.AKJ.Org

# ਖਾਲਸਾ ਦੀ ਚੜ੍ਹਦੀ ਕਲਾ ਕਿਵੇਂ ?

[ਭਾਈ ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਬਾਬਾ ਬੰਦਾ ਸਿੰਘ ਬਹਾਦਰ ਤੋਂ ਪਿਛੋਂ ਸਿੱਖਾਂ ਪਰ ਢਾਏ ਗਏ ਜ਼ੁਲਮਾਂ ਤੋਂ ਡਰ ਕੇ ਜੇਕਰ ਸਿਖ ਦਿਲ ਹਾਰ ਬਹਿੰਦੇ ਤਾਂ ਅੱਜ ਸਿੱਖੀ ਦਾ ਨਾਮ ਨਿਸ਼ਾਨ ਮਿਟ ਗਿਆ ਹੁੰਦਾ। ਜੇਕਰ ਨਨਕਾਣਾ ਸਾਹਿਬ ਦੀ ਸ਼ਹਾਦਤ ਤੋਂ ਸਿਖ ਘਾਬਰ ਜਾਂਦੇ ਤਾਂ ਭਾਰਤ ਵਿਚ ਹੀ ਨਹੀਂ, ਬਲਕਿ ਸੰਸਾਰ ਅੰਦਰ ਸਿਖ ਵਕਾਰ ਖ਼ਤਮ ਹੋ ਜਾਂਦਾ। ਇਹੋ ਗੱਲ ੧੯੪੭ ਦੀ ਦੇਸ਼-ਵੰਡ ਮਗਰੋਂ ਹੋਈ ਪਰ ਸਿਖ ਆਪਣੇ ਪੈਰਾਂ ਤੇ ਮੁੜ ਖੜਾ ਹੋ ਗਿਆ। ਇਸ ਤੋਂ ਇਹ ਸਿਧ ਹੁੰਦਾ ਹੈ ਕਿ ਗੁਰੂ ਨੇ ਸਿਖ ਦੇ ਅੰਦਰ ਕੋਈ ਅਜਿਹੀ ਕਣੀ ਭਰੀ ਹੈ ਕਿ ਇਹ ਮੂਧੇ-ਮੂੰਹ ਡਿਗ ਕੇ ਭੀ ਪੈਰਾਂ ਸਿਰ ਹੋ ਜਾਂਦਾ ਹੈ।......

ਜਿਥੇ ਪੰਜਾਬ ਸਤਾਰ੍ਹਵੀਂ ਸਦੀ ਦੇ ਅਖ਼ੀਰ ਤਕ ਉਤਰ ਪਛੱਮ ਉਤਰਦੇ ਹਰ ਹਮਲਾਵਰ ਦੇ ਪੈਰਾਂ ਦੀ ਲਿਤਾੜ ਬਣਿਆ ਹੋਇਆ ਸੀ ਅਤੇ ਕਿਸੇ ਨੂੰ ਜੁਰੱਅਤ ਨਹੀਂ ਸੀ ਹੋਈ ਕਿ ਉਸ ਦਾ ਮੂੰਹ ਮੋੜਦਾ, ਬਲਕਿ ਮਾਮੂਲੀ ਮਾਮੂਲੀ ਧਾੜਵੀ ਭੀ ਜੇ ਸੈਨਾ ਜੋੜ ਕੇ ਭਾਰਤ ਉਪਰ ਚੜ੍ਹ ਆਇਆ ਤਾਂ ਪੰਜਾਬ ਦੇ ਪੰਜਾਂ ਦਰਿਆਵਾਂ ਨੂੰ ਪਾਰ ਕਰ ਸਿਧਾ ਦਿੱਲੀ ਜਾ ਅਪੜਿਆ, ਉਥੇ ਇਸ ਸਦੀ ਦੇ ਅੰਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਅੰਦਰ ਕੋਈ ਐਸੀ ਰੂਹ ਭਰੀ ਕਿ ਬਾਵਜੂਦ ਦਿੱਲੀ ਦੀ ਸਤ ਪੁਸ਼ਤਾਂ ਦੀ ਜੰਮੀ ਹੋਈ ਮੁਗ਼ਲ ਹਕੂਮਤ ਦੇ ਕਟੜ ਵਿਰੋਧ ਦੇ ਅਤੇ ਪੱਛਮ ਤੋਂ ਅਬਦਾਲੀ ਵਰਗੇ ਜਾਬਰ ਦੇ ਵਾਰ ਵਾਰ ਕੀਤੇ ਜਾ ਰਹੇ ਹਮਲਿਆਂ ਦੇ ਇਕ ਸਦੀ ਬੀਤਣ ਤੋਂ ਪਹਿਲੋਂ ਪਹਿਲੋਂ ਦਿੱਲੀ ਅਤੇ ਕਾਬਲ ਦੇ ਵਿਚਲੇ ਸੰਨ੍ਹ ਐਸੀ ਅਜਿਤ ਸੈਨਾ ਉਤਪੰਨ ਹੋ ਗਈ ਜਿਸ ਨੇ ਇਕ ਬੰਨੇ ਦਿੱਲੀ ਦੀ ਕਿੱਲੀ ਨੂੰ ਉਖੇੜ ਕੇ ਰਖ ਦਿਤਾ ਅਤੇ ਦੂਜੇ ਬੰਨੇ ਅਬਦਾਲੀ ਵਰਗਿਆਂ ਦੇ ਅਜਿਹੇ ਦੰਦ ਭੰਨੇ ਕਿ ਮੁੜ ਕੇ ਅੱਜ ਤਕ ਕਿਸੇ ਨੂੰ ਉਧਰੋਂ ਪੰਜਾਬ ਉਪਰ ਪੈਰ ਧਰਨ ਦਾ ਹੌਸਲਾ ਨਹੀਂ ਪਿਆ। ਇਸ ਦੇ ਅਸਲ ਭੇਦ ਨੂੰ ਗੁਰੂ ਜਾਣੇ, ਜਾਂ ਉਹ ਜਾਣਨ ਜਿਨ੍ਹਾਂ ਅੰਦਰ ਇਹ ਪਲਟਾ ਆਇਆ, ਪਰ ਇਕ ਗੱਲ ਬੜੀ ਸਪੱਸ਼ਟ ਹੈ ਕਿ ਅਠਾਰ੍ਹਵੀਂ ਸਦੀ ਅਤੇ ਉਨ੍ਹੀਵੀਂ ਸਦੀ ਦੇ ਮਧ ਤਕ ਡੇਢ ਸੌ ਸਾਲ ਦੇ ਸੈਨਿਕ ਤੇ ਕਠਨਾਈਆਂ ਭਰੇ ਜੀਵਨ ਨੇ ਪੰਜਾਬ ਦੇ ਸਿੱਖਾਂ ਨੂੰ ਏਨਾ ਕਾਠਾ ਬਣਾ ਦਿਤਾ ਸੀ ਕਿ ਮਾਨੋ, ਸਿਖ ਮਾਵਾਂ ਕਸਮ ਖਾ ਲਈ ਹੋਵੇ ਕਿ ਜਣਾਂਗੀਆਂ ਤਾਂ ਸੂਰਮਾ ਪੁਤਰ, ਨਹੀਂ ਤਾਂ ਬਾਂਝ ਹੀ ਰਹਵਾਂਗੀਆਂ। ...

ਸਿਖ ਕਠਨਾਈਆਂ ਅਤੇ ਮੁਸੀਬਤਾਂ ਵਿਚ ਵਧੇਰੇ ਮੌਲਦਾ ਹੈ, ਜਿਸ ਤਰ੍ਹਾਂ ਅੰਗੂਰ, ਗੁਲਾਬ ਆਦਿ ਦੀਆਂ ਵੇਲਾਂ ਨੂੰ ਜਿੰਨਾ ਵਧੇਰੇ ਛਾਂਗਿਆ ਜਾਵੇ, ਇਹ ਉਤਨਾ ਜ਼ਿਆਦਾ ਵਧਦੇ ਤੇ ਫੁਲਦੇ ਹਨ, ਇਉਂ ਹੀ ਸਿਖ ਠੋਕਰਾਂ ਖਾ ਕੇ ਵਧੇਰੇ ਕਾਠਾ ਤੇ ਮਜ਼ਬੂਰ ਹੁੰਦਾ ਹੈ। ਪਰ ਜੇ ਇਸ ਨੂੰ ਆਪਣੇ ਆਪ ਤੇ ਛਡ ਦਿਤਾ ਜਾਵੇ ਅਤੇ ਇਹ ਆਪਣੀ ਖ਼ੁਸ਼ੀ ਜਾਗੇ ਸਵੇਂ, ਖਾਵੇ ਪੀਵੇ, ਐਸ਼ ਕਰੇ ਤਾਂ ਇਹ ਕਮਜ਼ੋਰ ਹੁੰਦਾ ਜਾਂਦਾ ਹੈ।

ਹਰ ਮੁਸੀਬਤ ਮਨੁੱਖ ਦੇ ਵਿਕਾਸ ਦਾ ਸਾਧਨ ਹੁੰਦੀ ਹੈ, ਪਰ ਜੋ ਮਨੁਖ ਆਚਰਣ ਦੇ ਹੀਣੇ ਹੋਣ ਅਤੇ ਜਿਨ੍ਹਾਂ ਦਾ ਜੀਵਨ ਨਿਤਾਪ੍ਰਤ ਦੇ ਕਿਸੇ ਜ਼ਬਤ (Discipline) ਅੰਦਰ ਨਹੀਂ ਢਲਿਆ, ਅਥਵਾ ਜਿਨ੍ਹਾਂ ਨੂੰ ਵਿਸ਼ੇਸ਼ ਬੰਧਨਾਂ ਵਿਚ ਰਹਿਣ ਦੀ ਕਰੜਾਈ ਦਾ ਕੋਈ ਤਜਰਬਾ ਨਹੀਂ, ਉਹ ਮੁਸੀਬਤ ਪੈਣ ਪਰ ਘਾਬਰ ਜਾਂਦੇ ਹਨ ਅਤੇ ਵਿਕਾਸ ਕਰਨ ਦੀ ਬਜਾਏ ਉਹ ਆਪਣੇ ਆਪ ਨੂੰ ਨਿਤਾਣੇ ਤੇ ਕਮਜ਼ੋਰ ਮਹਿਸੂ ਕਰਦੇ ਹਨ। ਜ਼ਬਤ (Discipline) ਹੀ ਮਨੁੱਖ-ਜੀਵਨ ਦਾ ਉਹ ਧੁਰਾ ਹੈ, ਜਿਸ ਦੇ ਸਿਰ ਤੇ ਮਨੁੱਖ ਦੀ ਜੀਵਸ ਗੱਡੀ ਸਖਾਵੀਂ ਰਿੜ੍ਹਦੀ ਹੈ। ਸੰਸਾਰ ਭਰ ਦਾ ਫ਼ੌਜੀ ਜੀਵਨ ਜ਼ਬਤ ਤੇ ਹੀ ਉਸਰਦਾ ਹੈ। ਜ਼ਬਤ ਅੰਦਰ ਰਿਹਾ ਵਿਦਿਆਰਥੀ ਹੀ ਸਿਖਰੇ ਪੁਜਿਆ ਕਰਦਾ ਹੈ। ਇਹੋ ਅਸੂਲ ਮਨੁੱਖ ਤੇ ਲਾਗੂ ਹੈ।

ਸਿਖ ਦਾ ਸਮੁਚਾ ਜੀਵਨ ਜ਼ਬਤ ਵਿਚ ਢਾਲਿਆ ਜੀਵਨ ਹੈ। ਧੁਰ ਆਤਮਕ ਪੱਧਰ ਤੋਂ ਲੈ ਕੇ ਸਰੀਰ ਕੁਟੰਬ, ਭਾਈਚਾਰੇ ਅਤੇ ਸਮਾਜ ਪੱਧਰ ਤਕ ਇਸ ਨੇ ਨੀਯਤ ਜ਼ਬਤ ਦਾ ਪਾਲਣ ਕਰਨਾ ਹੈ। ਇਸ ਦਾ ਦਿਨ-ਰਾਤ



www.AKJ.Org

ਇਸ ਦਾ ਖਾਨ-ਪੀਣ-ਪਹਿਨਣ, ਇਸ ਦਾ ਕਾਰ ਵਿਹਾਰ ਅਤੇ ਲੋਕ-ਵਰਤਾਰਾ ਸਮੁਚਾ ਹੀ ਜ਼ਬਤ ਅਧੀਨ ਹੈ। ਇਸ ਦਾ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ, ਨਾਮ ਸਿਮਰਨ, ਬਾਣੀ ਦਾ ਨਿਤਨੇਮ, ਪਾਠ, ਸਤਿਸੰਗਤ, ਧਰਮ ਦੀ ਕਿਰਤ, ਵੰਡ ਖਾਣਾ, ਪਰ-ਇਸਤ੍ਰੀ ਵੱਲ ਮਾਂ ਭੈਣ ਵਾਲੀ ਭਾਵਨਾ, ਨਸ਼ਿਆਂ ਦਾ ਤਿਆਗ ਅਤੇ ਸਰੀਰਕ ਖਾਲਸਈ ਰਹਿਤ ਦਸਤਾਰ ਇਤਿਆਦੀ ਸਾਰੇ ਜ਼ਬਤ ਹਨ, ਜਿਨ੍ਹਾਂ ਅੰਦਰ ਸਿਖ ਨੇ ਵਿਚਰਨਾ ਹੈ।

ਇਨ੍ਹਾਂ ਬੰਦਸ਼ਾਂ ਦੀ ਕਰੜਾਈ ਸਿਖੀ ਸੁਭਾਅ ਨੂੰ ਹਾਠਾ ਅਤੇ ਸਰੀਰ ਨੂੰ ਕਾਠਾ ਬਣਾਉਂਦੀ ਹੈ। ਇਹੋ ਇਸ ਦੇ ਆਚਰਣ ਘੜਨ ਦੀ ਟਕਸਾਲ ਹੈ। ਨਿਤਾਪ੍ਰਤ ਦਾ ਨਾਮ ਸਿਮਰਨ ਅਤੇ ਬਾਣੀ ਦਾ ਪਾਠ ਇਸ ਦਾ ਗੁਰੂ ਪਰ ਭਰੋਸਾ ਬੰਨ੍ਹਾਉਂਦਾ ਹੈ, ਜਿਸ ਭਰੋਸੇ ਅਤੇ ਵਿਸ਼ਵਾਸ ਸਦਕਾ ਇਹ ਕਰੜੀ ਤੋਂ ਕਰੜੀ ਮੁਸੀਬਤ ਸਹਿ ਗੁਜ਼ਰਨ ਦੇ ਯੋਗ ਹੋ ਜਾਂਦਾ ਹੈ। ਵਿਸ਼ਵਾਸ (faith) ਹੀ ਮਨੁਖ ਦੀਆਂ ਸਫਲਤਾਵਾਂ ਦੀ ਢਾਲ ਹੈ, ਜੋ ਘਮਸਾਣ ਦੇ ਯੁੱਧ ਵਿਚ ਭੀ ਇਸ ਨੂੰ ਡੋਲਣ ਨਹੀਂ ਦੇਂਦੀ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਤੇ ਸਮੁਚਾ ਸਿਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗੁਰੂ ਉਪਰ ਕਦੀ ਨ ਡੋਲਣ ਵਾਲੇ ਵਿਸ਼ਵਾਸ ਦੇ ਸਿਰ ਤੇ ਹੀ ਸਿਖ ਕਠਨ ਤੋਂ ਕਠਨ ਮੁਸੀਬਤਾਂ ਸਹਿਣ ਵਾਲੇ ਹੋ ਗਏ। ਸੋ ਸਿਖ ਦਾ ਅਸਲ ਸਹਾਰਾ ਉਸ ਦਾ ਗੁਰੂ ਉਤੇ ਵਿਸ਼ਵਾਸ ਹੈ, ਅਤੇ ਇਸ ਵਿਸ਼ਵਾਸ ਦੇ ਕਾਇਮ ਰਖਣ ਤੇ ਇਸ ਨੂੰ ਹੋਰ ਦ੍ਰਿੜ੍ਹ ਕਰਨ ਦਾ ਸਾਧਨ ਹੈ ਸਿਖੀ ਜ਼ਬਤ (discipline)। ਇਹ ਆਤਮਕ ਭੀ ਹੈ ਅਤੇ ਸਰੀਰਕ ਭੀ। ਇਸ ਵਿਚ ਕਿਸੇ ਤਰ੍ਹਾਂ ਦੀ ਢਿਲਿਆਈ ਵਿਸ਼ਵਾਸ ਨੂੰ ਕਮਜ਼ੋਰ ਕਰਨਾ ਹੈ। ਇਸ ਤਰ੍ਹਾਂ ਇਹ ਕਹਿਣਾ ਬਣਦਾ ਹੈ ਕਿ ਸਿਖੀ ਜ਼ਬਤ (discipline) ਹੀ ਸਿਖ ਦੀ ਸ਼ਕਤੀ ਦਾ ਆਧਾਰ ਹੈ।

ਜ਼ਬਤ ਹੀ ਸੰਗਠਨ ਜਾਂ ਜਥੇਬੰਦੀ ਦੀ ਰੂਹ ਹੋਇਆ ਕਰਦੀ ਹੈ। ਜ਼ਬਤ-ਵਿਹੂਣੀ ਕੋਈ ਜਥੇਬੰਦੀ ਕਦੀ ਸਫਲ ਨਹੀਂ ਹੋਈ। ਜ਼ਬਤ ਦੇ ਜਾਣ ਨਾਲ ਇਹ ਖੇਰੂੰ ਖੇਰੂੰ ਹੋ ਕੇ ਰਹਿ ਜਾਂਦੀ ਹੈ। ਜ਼ਬਤ ਤੋਂ ਬਿਨਾਂ ਹਕੂਮਤਾਂ ਮਲੀਆਮੇਟ ਹੋ ਜਾਂਦੀਆਂ ਅਤੇ ਆਸ਼੍ਰਮ ਤੇ ਸੰਸਥਾ ਢਹਿ ਢੇਰੀ ਹੋ ਜਾਇਆ ਕਰਦੀਆਂ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਇਕ ਜ਼ਬਤ ਅੰਦਰ ਸਾਜਿਆ। ਇਹ ਜ਼ਬਤ ਨਾਮ ਦਾ ਸੀ, ਆਚਰਣ ਦਾ ਸੀ, ਗੁਰੂ ਦੇ ਕੁਟੰਬੀ ਹੋਣ ਦਾ ਸੀ ਅਤੇ ਸਿਖ ਦੀ ਰਹਿਣੀ ਤੇ ਉਸ ਦੇ ਨਿਆਰੇ ਬਾਣ ਦਾ ਸੀ। ਅਜਿਹੇ ਜ਼ਬਤ ਵਾਲਿਆਂ ਦਾ ਨਾਮ ਗੁਰੂ ਨੇ "ਵਾਹਿਗੁਰੂ ਜੀ ਕਾ ਖਾਲਸਾ" ਰਖਿਆ। ਜਿੰਨਾ ਚਿਰ ਅਤੇ ਜਦੋਂ ਸਿਖ ਇਸ ਜ਼ਬਤ ਦੇ ਪਾਬੰਦ ਹੋਇਆਂ, ਇਸ ਦੇ ਅੰਦਰ ਕਰੜੀ ਤੋਂ ਕਰੜੀ ਮੁਸੀਬਤ ਸਹਿਣ ਦੀ ਸਮਰੱਥਾ ਆਈ, ਇਸ ਦੀ ਫ਼ਤਹ ਹੋਈ ਅਤੇ ਸਾਰੀ ਦੁਨੀਆ ਨੇ ਇਸ ਦੀ ਸੋਭਾ ਕੀਤੀ। ਦੂਰ ਨਾ ਜਾਓ, ਪੜ੍ਹੋ ੧੯੨੧ ਦਾ ਨਨਕਾਣਾ ਸਾਹਿਬ ਦੇ ਸਾਕਾ, ੧੯੨੨ ਦਾ ਗੁਰੂ ਕੇ ਬਾਗ ਦਾ ਮੋਰਚਾ ਅਤੇ ੧੯੨੪ ਗੰਗਸਰ ਜੈਤੋ ਦੇ ਸ਼ਹੀਦਾਂ ਦੀ ਵਾਰਤਾ। ਕੀ ਸਤਾਂ ਸਮੁੰਦਰਾਂ ਦੀ ਜੇਤੂ ਅੰਗਰੇਜ਼ ਸਰਕਾਰ ਉਨ੍ਹਾਂ ਸਾਹਮਣੇ ਨਹੀਂ ਝੁਕੀ? ਕੀ ਦੁਨੀਆ ਨੇ ਇਨ੍ਹਾਂ ਉਪਰ ਫੁਲ ਨਹੀਂ ਵਰਸਾਏ? ਕੀ ਸਿਖਾਂ ਨੂੰ ਇਨ੍ਹਾਂ ਵਿਚ ਸਫਲਤਾ ਨਹੀਂ ਹੋਈ? ਪਰ ਇਹ ਸਭ ਕੁਝ, ਸਦਕੇ ਉਸ ਜ਼ਬਤ ਦੇ ਸੀ ਜੋ ਗੁਰੂ ਨੇ ਇਨ੍ਹਾਂ ਤੇ ਲਾਗੂ ਕੀਤਾ ਸੀ ਅਤੇ ਜਿਸ ਦੀ ਬਦੌਲਤ ਇਹ ਵਰ੍ਹਦੀਆਂ ਗੋਲੀਆਂ ਤੇ ਡਾਂਗਾਂ ਅੰਦਰ ਭੀ ਨਹੀਂ ਡੋਲੇ ਅਤੇ ਉਹ ਕੁਝ ਕਰ ਵਿਖਾਇਆ ਜਿਸ ਪਰ ਦੁਨੀਆ ਹੈਰਾਨ ਸੀ। ਕਿਸੇ ਨੂੰ ਮਾਮੂਲੀ ਸੱਟ ਮਾਰੋ ਤਾਂ 'ਹਾਇ, ਉਫ, ਮਰ ਗਿਆ' ਤੋਂ ਵਧ ਕੁਝ ਨਹੀਂ ਬੋਲਦਾ, ਪਰ ਇਹ ਸਿਖ ਸਨ ਜੋ ਡਾਂਗ ਬਰਛੇ ਗੰਡਾਸੇ ਦੇ ਹਰ ਵਾਰ ਅਤੇ ਸਰੀਰ ਅੰਦਰ ਧਸੀ ਹਰ ਗੋਲੀ ਨਾਲ ਓਦੋਂ ਤਕ 'ਸਤਿਨਾਮ ਵਾਹਿਗੁਰੂ, ਵਾਹਿਗੁਰੂ ਸਤਿਨਾਮ' ਬੋਲਦੇ ਜਾਂਦੇ, ਜਦ ਤਕ ਠੰਢੇ ਨਾ ਹੋ ਜਾਂਦੇ। ਕੀ ਇਹ 'ਨਾਮ' ਦੇ ਜ਼ਬਤ ਤੋਂ ਬਿਨਾਂ ਸੰਭਵ ਹੋ ਸਕਦਾ ਸੀ? ਹਰਗਿਜ਼ ਨਹੀਂ। ਉਹਨਾਂ ਦੇ ਅੰਦਰ ਗੁਰੂ ਉਪਰ ਅਤੁਟ ਸਿਦਕ ਅਤੇ ਉਸ ਦਾ ਬਖ਼ਸ਼ਿਆ ਨਾਮ ਸਮਾਇਆ ਹੋਇਆ ਸੀ, ਜਿਸ ਲਈ ਉਹ ਵਡੇ ਤੋਂ ਵਡੇ ਕਸ਼ਟ ਵਿਚ ਭੀ ਸਤਿਨਾਮ ਵਾਹਿਗੁਰੂ ਤੋਂ ਬਿਨਾਂ ਕੁਝ ਨਹੀਂ ਸਨ ਬੋਲਦੇ। ਉਨ੍ਹਾਂ ਦੇ ਅੰਦਰ ਗੁਰੂ ਦੀ ਸੁਝਾਈ ਇਕੋ ਗੱਲ ਵਸੀ ਹੋਈ ਸੀ–

'ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕੀ ਸਾਂਚੇ ਭਾਂਡੇ' ॥ ["ਸਿੱਖ ਵੀਰਾਂ ਨੂੰ ਹਲੂਣਾ" ਪੁਸਤਕ ਵਿਚੋਂ]



www.AKJ.Org

# ਮਰ ਨਹੀਂ ਸਕਦੇ ਐਸੇ ਬੰਦੇ

[ਸ: ਅਤਰ ਸਿੰਘ 'ਨੀਰ', 95 ਸ਼ੀਤਲ ਅਪਾਰਟਮੰਟ,ਸੈਕਟਰ 14,ਰੋਹਣੀ–ਦਿਲੀ 85]

ਸਿੱਖੀ ਜੀਵਨ ਦੀ ਝਲਕਾਂ, ਥਾਂ ਥਾਂ ਉਤੇ ਮਾਣਨ ਡਲਕਾਂ।
ਸੰਗਤ ਪੰਗਤ ਸਿਮਰਨ ਸੇਵਾ, ਸਿਖ ਧਰਮ ਦਾ ਸੁੱਚਾ ਥੇਵਾ।
ਸਹਿਜ ਅਵਸਥਾ ਅੰਦਰ ਰਹਿਣਾ, ਗੁਰੂ ਨਾਨਕ ਦਾ ਬਖਸ਼ਿਆ ਗਹਿਣਾ।
ਜਾਤਿ ਅਜਾਤਿ ਨਾ ਵਿਤਕਰ ਕਾਈ, ਦੁਸ਼ਮਨ ਮਿੱਤਰ ਦਾ ਫ਼ਰਕ ਨਾ ਰਾਈ।
ਭੈ ਦੀ ਲਾਹ ਕੇ ਸੁਟਣੀ ਜੁਲੀ, ਨਾਨਕ ਘਰ ਦੀ ਦਾਤਿ ਅਮੁਲੀ।
ਨ ਡਰ ਦੇਣਾ ਨ ਡਰ ਖਾਣਾ, ਚੜ੍ਹਦੀ ਕਲਾ 'ਚ ਸਦਾ ਟਿਕਾਣਾ।
ਫ਼ਰਖ਼ਸੀਅਰ ਤੇ ਉਸ ਦੇ ਸੂਬੇ, ਕਰਦੇ ਰਹਿੰਦੇ ਨਿਤ ਮਨਸੂਬੇ।
ਕਤਲ ਗਾਰਤ ਤੇ ਖ਼ੂਨ ਖ਼ਰਾਬਾ, ਬੇ-ਹਿਸਾਬਾ, ਬੇ-ਹਿਸਾਬਾ।
ਮੁਲ ਰਖੇ ਸਨ ਸਿਖ ਦੇ ਸਿਰ ਦੇ, ਘੇਰ ਲਵਣ ਜਿਥੇ ਵੀ ਫਿਰਦੇ।
ਘਰ ਘਾਟ ਛਡ ਇਸ ਲਈ ਸਾਰੇ, ਜੰਗਲਾਂ ਵਿਚ ਰਹਿ ਕਰਨ ਗੁਜ਼ਾਰੇ।
ਸਾਹਿਬ ਸਿੰਘ ਸੀ ਬੇਦੀ ਪਿਆਰਾ, ਸਿੱਖਾਂ ਦੇ ਵਿਚ ਸਿਖ ਨਿਆਰਾ।
ਚਰ੍ਹਤ ਇਹਦੀ ਨੂੰ ਜਾਣਨ ਸਾਰੇ, ਗੁਰੂ ਪਿਆਰ ਪਛਾਨਣ ਸਾਰੇ।
ਕਾਹਨੂੰਵਾਨ ਦੀ ਰਹਿੰਦਾ ਰੱਖ ਚਿ, ਖਟਕੇ ਡਾਢਾ ਵੈਰੀ ਅੱਖ ਚਿ।
ਦੀਨ ਮੁਹੰਮਦ ਕਲਮਾ ਪੜ੍ਹਿਆ, ਬੇਦੀ ਜੀ ਨੂੰ ਪਕੜਨ ਚੜ੍ਹਿਆ।
ਫਿਰਦਾ ਜਾਵੇ ਝਾੜੀ ਝਾੜੀ, ਸ਼ਾਮ ਸਵੇਰੇ ਰਾਤ ਦਿਹਾੜੀ।
ਹਰ ਇਕ ਫਲਿਆ ਫੁਲਿਆ ਬੂਟਾ, ਸੜਿਆ ਸੁਕਿਆ ਰੁਖ਼ ਬਰੂਟਾ।
ਛੰਗੀਆਂ ਝੀਲਾ ਛੰਭਾਂ ਨਾਲੇ, ਬੰਨ ਬਨੇਰੇ ਰਾਹ ਕੰਡਿਆਲੇ।
ਸੂਕਦੀਆਂ ਨਦੀਆਂ ਟਪ ਟਪਾ ਕੇ, ਢੂੰਡ ਲਿਆ ਉਸ ਇਕ ਥਾਂ ਆ ਕੇ।
ਬੈਠੇ ਹੋਏ ਸਨ ਨਦੀ ਕਿਨਾਰੇ, ਪ੍ਰਭੂ-ਰੰਗਣ ਦੇ ਅੰਦਰ ਪਿਆਰੇ।
ਅਜਬ ਹੀ ਕਰਣੀ ਅੰਦਰ ਰੁਝੇ, ਮਾਣ ਰਹੇ ਸਨ ਰੰਗ ਰਸ ਗੁਝੇ।
ਦੀਨ ਮੁਹੰਮਦ ਰੋਹ ਵਿਚ ਆਯਾ, ਕਢ ਤਲਵਾਰ ਪੈਰ ਵਧਾਇਆ।
ਪਰ ਉਸ ਡਿਠਾ ਨਾਲ ਹੈਰਾਨੀ, ਖੋਲ੍ਹੀਆਂ ਅਖਾਂ ਹੋ ਧਿਆਨੀ।
ਬਿਛੂ ਵਡਾ ਇਕ ਜ਼ਹਿਰੀਲਾ, ਕਾਲਾ ਸ਼ਾਹ ਡੰਗ ਡੰਗੀਲਾ।
ਬਾਬਾ ਨਦੀ ਤੋਂ ਬਾਹਿਰ ਲਿਆਂਦਾ, ਪਰ ਉਹ ਉਲਟਾ ਡੰਗ ਚਲਾਂਦਾ।
ਐਦਾਂ ਡਿਠਾ ਉਸ ਕਈ ਵਾਰੀ, ਬਾਬੇ ਜ਼ਰਾ ਨ ਹਿੰਮਤ ਹਾਰੀ।
ਵੇਖ ਨਜ਼ਾਰਾ ਕਾਤਲ ਭੁਲਿਆ, ਬਾਬੇ ਦੀ 'ਕਰਣੀ' ਤੇ ਡੁਲ੍ਹਿਆ।
ਆਖੇ ਤੂੰ ਅਜਬ ਹੈਂ ਬੰਦਾ, ਮੂਰਖਾਂ ਵਾਲਾ ਤੇਰਾ ਧੰਦਾ।
ਡੰਗਣੇ ਨੂੰ ਕਿਉਂ ਛੋੜ ਨਹੀਂ ਦੇਂਦਾ, ਤੇਜ਼ ਪਾਣੀ ਵਿਚ ਰੋੜ੍ਹ ਨਹੀਂ ਦੇਂਦਾ।
ਇਹ ਹੈ ਡੰਗ ਲਗਾਈ ਜਾਂਦਾ, ਤੂੰ ਹੈਂ ਬਾਹਰ ਲਿਆਈ ਜਾਂਦਾ।
ਉਪਰ ਚੁਕ ਨਿਗਾਹਾਂ ਨੂਰੀ, ਬਾਬੇ ਬੋਲੇ ਬਚਨ ਸਰੂਰੀ:
ਜੋ ਇਹ ਆਪਣੀ ਕਾਰ ਨਹੀਂ ਛਡਦਾ, ਡੰਗ ਮਾਰਨੇ ਯਾਰ ਨਹੀਂ ਛਡਦਾ।
ਮੈਂ ਕਿਉਂ ਮੁਖ ਫ਼ਰਜ਼ ਤੋਂ ਮੋੜਾਂ, ਪਰਉਪਕਾਰੀ ਰਾਹ ਕਿਉਂ ਛੋੜਾਂ?



## ਸਿਮਰਨ ਵਾਲੇ [ਨੀਰ ਜੀ]

ਪ੍ਰਭੂ ਬੇਅੰਤ ਬੜਾ ਹੀ ਉਚਾ,
ਉਸਦੇ ਚੋਜ ਨਿਰਾਲੇ।
ਅੱਖ ਦੀ ਫੋਰ 'ਚ ਖੋਟੇ ਖਰੇ,
ਕਰਦਾ ਚਿਟੇ ਕਾਲੇ।
ਖ਼ਾਲੀ ਖਾਲ ਜਿਉਂ ਪਾਣੀ ਬਾਝੋਂ,
ਨਾਮ ਬਿਨਾਂ ਇਉਂ ਬੰਦਾ;
ਲੈਂਦ੍ਰੇ ਨੀਰ ਅਨੰਦ ਸਦੀਵੀ,
ਉਹਨੂੰ ਸਿਮਰਨ ਵਾਲੇ।

## ਬਖ਼ਸ਼ਸ਼ਾਂ

ਆਪੇ ਕਰਦਾ ਰਖਿਆ ਜਿਦ੍ਹੀ,
ਸਤਿਗੁਰ ਮੇਰਾ ਪਿਆਰਾ।
ਦਿਲ ਦਿਮਾਗ਼ ਉਸ ਦੇ ਉਤੇ,
ਪ੍ਰਭੂ ਦਾ ਰਹੇ ਲਿਸ਼ਕਾਰਾ।
ਚੰਗਾ ਧਿਆਨ ਮਤ ਚੰਗੇਰੀ,
ਬਖਸ਼ਸ਼ਾਂ ਹੋਵਣ ਉਸ ਤੇ;
ਜੁੜਿਆ ਸਦਾ ਨਾਲ ਪ੍ਰਭੂ ਦੇ,
ਮਾਣੇ 'ਨੀਰ' ਹੁਲਾਰਾ।

## ਸ਼ਬਦ

ਪਾਣੀ ਵਿਚ ਮੁਰਗਾਬੀ ਤਰਦੀ;
ਖੰਭ ਨ ਹੋਵਣ ਗਿਲੇ।
ਜਲ ਚਿ ਖਿੜਿਆ ਫੁਲ ਕੰਵਲ ਦਾ,
ਵਧੇ ਫੁਲੇ ਖਿਲੇ।
ਸ਼ਬਦ ਦੇ ਅੰਦਰ ਜੁੜਿਆਂ ਮਨ ਨੂੰ,
ਮੈਲ ਨ ਲਗੇ ਭੋਰਾ;
ਸ਼ਬਦ ਸੁਰਤ ਦੇ ਇਕ-ਸੁਰ ਹੋਇਆਂ,
'ਨੀਰ' ਪ੍ਰਭੂ ਆ ਮਿਲੇ।

## ਸਤਸੰਗਤਿ

ਫੁਲ ਕੰਵਲ ਦਾ ਜਲ ਚਿ ਖਿੜਿਆ,
ਟਹਿਕੇ ਲਵੇ ਹੁਲਾਰੇ।
ਭਵਰੇ ਆਵਣ ਪਾਣ ਗੁੰਜਾਰਾਂ,
ਰੱਸ-ਮੁਗਧ ਹੋ ਸਾਰੇ।
ਸਤਸੰਗਤਿ ਵਿਚ ਆ ਕੇ ਬੰਦਾ,
ਵਾਹਿਗੁਰੂ ਸਿਫਤ ਸਲਾਹਾਂ;
ਸੁਣ ਕੇ, ਗਾ ਕੇ 'ਨੀਰ' ਭਟਕਦਾ,
ਤਪਦਾ ਹਿਰਦਾ ਠਾਰੇ।

www.AKJ.Org

ਕੰਡੇ ਦਾ ਕੰਮ ਚੋਭ ਲਗਾਣੀ, ਫੁਲ ਦੀ ਕਾਰ ਹੈ ਮਹਿਕ ਫੈਲਾਣੀ।
ਬਾਬਾ ਆਖੇ ਮੁਹੰਮਦ ਦੀਨਾ, "ਖਿਮਾ" ਰੱਬ ਮਿਲਣ ਦਾ ਜ਼ੀਨਾ।
ਇਸਦਾ ਕੰਮ ਹੈ ਡੰਗ ਚਲਾਣਾ, ਮੇਰਾ ਕੰਮ ਉਪਕਾਰ ਕਮਾਣਾ।
ਇਹ ਸੁਣ ਕੇ ਉਸ ਨੀਵੀਂ ਪਾਈ, ਨਿਕਲੀ ਤੇਗ਼ ਮਿਆਨ ਚਿ ਆਈ।
ਆਖੇ ਆਇਆਂ ਮਾਰਨ ਤੈਨੂੰ, ਵਢ ਟੁਕ ਕੇ ਸੰਘਾਰਨ ਤੈਨੂੰ।
ਤੂੰ ਹੈਂ ਬਾਗ਼ੀ ਸਿਖ ਵਿਦਰੋਹੀ, ਮੌਤੋਂ ਉਰੇ ਗੱਲ ਨ ਕੋਈ।
ਐਪਰ ਤਕ ਕੇ ਕਰਣੀ ਤੇਰੀ, ਗੁੱਸਾ ਢਹਿ ਕੇ ਹੋ ਗਿਆ ਢੇਰੀ।
ਪੇਸ਼ ਕਰਾਂਗਾ ਹੁਣ ਸਰਕਾਰੇ, ਫ਼ੈਸਲਾ ਹੋਊ ਵਿਚ ਦਰਬਾਰੇ।
ਇਸੇ ਤਰ੍ਹਾਂ ਤਰਕਾਲਾਂ ਪਈਆਂ, ਮੁਹੰਮਦ ਦੇ ਮਨ ਅੰਦਰ ਗਈਆਂ:
ਇਥੇ ਹੀ ਹੁਣ ਰਾਤ ਬਿਤਾਵਾਂ, ਕਰ ਆਰਾਮ ਥਕੇਵਾਂ ਲਾਹਵਾਂ।
ਆਖੇ ਸਿੱਖਾ! ਇਥੇ ਡੱਟ ਕੇ, ਸਵੇਰ ਚਲਾਂਗੇ ਰਾਤੜੀ ਕਟ ਕੇ।
ਬਾਬੇ ਨੇ ਤਾਂ ਅਗੋਂ ਕਹਿਆ, ਮੇਰੀ ਕੁਲੀ ਸਫ਼ਰ ਨ ਰਹਿਆ।
ਚਲ ਕੇ ਉਥੇ ਰਹੀਏ ਰਾਤੀ, ਤੁਰ ਚਲਾਂਗੇ ਉਠ ਪ੍ਰਭਾਤੀ।
ਇਸ ਤਰ੍ਹਾਂ ਕੁਲੀ ਵਿਚ ਆ ਕੇ, ਬਹਿ ਗਏ ਦੋਵੇਂ ਟਿਕ-ਟਿਕਾਅ ਕੇ।
ਅਗੋਂ ਛੋਟੀ ਜਿਹੀ ਕੁੜੀ, ਕੰਨੋਂ ਬੋਲੀ, ਜੀਭ ਵੀ ਜੁੜੀ।
ਆ ਗਈ ਅੰਦਰੋਂ ਥਾਲੀ ਚਾ ਕੇ, ਪਕੀਆਂ ਰੋਟੀਆਂ ਚਾਰ ਸਜਾ ਕੇ।
ਫਿਰ ਬਾਬਾ ਜੀ ਅਗੇ ਹੋ ਕੇ, ਮੁਹੰਮਦ ਅਗੇ ਰਖੀਆਂ ਢੋ ਕੇ।
ਰੋਟੀਆਂ ਦੋ ਤੇ ਅਚਾਰ ਦੀ ਡਲੀ, ਆਪਣੇ ਦੁਹਾਂ ਲਈ ਕਲੀ ਕਲੀ।
ਬੱਤੀ ਜਗਦੀ ਫਿਰ ਬੁਝਾਈ, ਮੱਛਰ ਭੰਬਟ ਆਣ ਨਾ ਕਾਈ।
ਹੋਲੀ ਹੋਲੀ ਚੁਪ ਚੁਪੀਤੇ, ਬਾਬਾ ਜੀ ਨੇ ਸਹਿਜ ਤਰੀਕੇ।
ਦੋਵੇਂ ਰੋਟੀਆਂ ਆਪਣੀਆਂ ਚਾਈਆਂ, ਦੀਨ ਮੁਹੰਮਦ ਦੀ ਥਾਲੀ ਪਾਈਆਂ।
ਨਾ ਬਾਬੇ, ਨਾ ਬੀਬੀ ਖਾਧੀ, ਦੋਵੇਂ ਜੁੜ ਗਏ ਵਿਚ ਸਮਾਧੀ।
ਦੀਨ ਮੁਹੰਮਦ ਥਕਿਆ ਟੁਟਿਆ, ਮਨਜ਼ਲਾਂ ਮਾਰਦਾ ਹਫਿਆ ਹੁਟਿਆ।
ਸੌਂ ਗਿਆ ਮਨਿ ਦਲੀਲਾਂ ਕਰਦਾ, ਇਹ ਬਾਬਾ ਨਹੀਂ ਸਾਥੋਂ ਮਰਦਾ।
ਵੇਖੋ ਯਾਰੋ ਕਿੰਨੀ ਕਮਾਈ, ਬੱਤੀ ਬੁਝ ਕੇ ਵਿਉਂਤ ਬਣਾਈ।
ਪੂਜਣ ਜੋਗ ਇਹ ਆਤਮਾ ਸੱਚੀ, ਆਪ ਨਾ ਖਾਧੀ, ਨਾ ਉਸ ਬੱਚੀ।
ਬੰਦਗੀ ਇਸ ਤੋਂ ਹੋਰ ਨਾ ਵਡੀ, ਰੱਬੀ ਮਨਜ਼ਲ ਵਲੇ ਤੋਰ ਨਾ ਵਡੀ।
ਧੰਨ ਗੁਰੂ ਜਿਸਦਾ ਇਹ ਚੇਲਾ, ਜਿਨ੍ਹ ਇਹ ਸਾਜਿਆ ਪੰਥ ਸੁਹੇਲਾ।
ਜਿਸ ਨੇ ਇਸ ਨੂੰ ਸਬਕ ਪੜ੍ਹਾਇਆ, ਮਰਣ, ਮਿਟਣ ਦਾ ਭੈ ਮਿਟਾਇਆਂ।
ਮਰ ਨਹੀਂ ਸਕਦੇ ਐਸੇ ਬੰਦੇ, ਪਾਵੇ ਬੇਸ਼ਕ ਲਖਾਂ ਫੰਧੇ।
ਇਨ੍ਹਾਂ ਦਾ ਵਿਵਹਾਰ ਰੰਗੀਲਾ, ਇਨ੍ਹਾਂ ਦਾ ਸੰਸਾਰ ਰੰਗੀਲਾ।
ਉਠ ਖੜੋਤਾ ਤੜਕ ਸਵੇਰੇ, ਨਾਲ ਸਿਦਕ ਦੇ ਮੂੰਹ ਹਨੇਰੇ।
ਬਾਬੇ ਦੇ ਚਰਨਾਂ ਨੂੰ ਫੜਿਆ, ਆਪੇ ਕਰੋਧ ਤਅੱਸਬ ਸੜਿਆ:
ਡਾਢਾ ਮੈਨੂੰ ਕੀਲਿਆ ਬਾਬਾ, ਤੇਰੇ ਨੈਣ ਨਸ਼ੀਲਿਆਂ ਬਾਬਾ।
ਮੈਂ ਹਾਂ ਅੱਜ ਤੋਂ ਤੇਰਾ ਬਰਦਾ, 'ਨੀਰ' ਰਵਾਂਗਾ ਸਜਦਾ ਕਰਦਾ।

### ਨਾਮ

ਨਾਮ ਨਾਮੀ ਦਾ ਚਿਤਵਿਆਂ ਜੁੜਦਾ,
ਨਾਲ ਉਸ ਦੇ ਰਿਸ਼ਤਾ।
ਵਾਹਿਗੁਰੂ ਮਿਲਣ ਦੀ ਮਹਿਕ ਲਿਆਵੇ,
ਸ਼ਬਦ-ਸੁਰਤ ਗੁਲਦੱਸਤਾ।
ਸਿਧਾ ਸੌਖਾ 'ਨੀਰ' ਤਰੀਕਾ,
ਗੁਰੂ ਨਾਨਕ ਦੇ ਘਰ ਦਾ;
ਗੁਰੂ ਗ੍ਰੰਥ ਦੀ ਸ਼ਰਨ ਚਿ ਲਭੇ,
ਬੇਗ਼ਮਪੁਰ ਦਾ ਰਸਤਾ।

### ਤੇਰੇ ਚਰਨ

ਫੁਲਾਂ ਦਾ ਰਸ ਲੈ ਕੇ ਭੌਰਾ,
ਮੁੜ ਮੁੜ ਗੇੜੇ ਮਾਰੇ।
ਚੁੰਮੇ ਚਟੇ ਗੂੰਜਾਂ ਪਾਵੇ,
ਮਸਤਿਆ ਲਵੇ ਹੁਲਾਰੇ।
ਸੁਆਂਤ ਬੂੰਦ ਬਿਨ ਝਾਕ ਪਪੀਹਾ
ਹੋਰ ਨ ਕਿਧਰੇ ਰਖੇ;
ਗੁਰ-ਚਰਨਾਂ ਬਿਨ ਸੁਖ ਨ ਕਿਧਰੇ,
'ਨੀਰ' ਮਿਲੇ ਸੰਸਾਰੇ।

### ਸ਼ਬਦ ਗੁਰੂ ਦਾ

ਪਾਰਾ ਨਾਲ ਸੋਨੇ ਦੇ ਲਗ ਕੇ,
ਕਰਦਾ ਰੰਗ ਕੁਰੰਗ।
ਭੱਠੀ ਤਾਇਆਂ ਮੁੜ ਆ ਜਾਂਦਾ,
ਰੂਪ ਸੁਹੱਪਣ ਚੰਗ।
ਸੱਪ ਡੰਗੇ ਦਾ ਜ਼ਹਿਰ ਸਰੀਰੋਂ,
ਮੰਤਰ ਗਾਰੜੂ ਕਢੇ;
ਸ਼ਬਦ ਗੁਰੂ ਦਾ ਨੀਰ ਹੈ ਕਟਦਾ,
ਮਨ ਦੇ ਕੁਲ ਵਿੰਗ-ਵੰਗ।

### ਸ਼ਬਦ ਗੁਰੂ ਦਾ

ਰੋਹੜੂ ਪਾਣੀ ਨਦੀ ਸ਼ੂਕਦੀ,
ਪਾਰ ਨਾ ਸੌਖੀ ਹੋਵੇ।
ਬੇੜੀ ਪਾਣੀ ਉਸੇ ਨਦੀ ਵਿਚ,
ਬੰਦੇ ਕਈ ਡੋਵੇ।
ਰੋੜ੍ਹੀ ਰਖਣ 'ਨੀਰ' ਮਨਾਂ ਨੂੰ,
ਤੇਜ਼ ਮਾਇਆ ਦੀਆਂ ਛਲਾਂ;
ਸ਼ਬਦ ਗੁਰੂ ਦਾ ਰੋਕ ਕੇ,
ਸਾਰੇ ਭਰਮ ਭੁਲੇਖੇ ਧੋਵੇ।


www.AKJ.Org

# ਭਾਈ ਆਦਮ

ਇਕ ਸਮਾਂ ਅੰਜਿਹਾ ਵੀ ਆਉਂਦਾ ਹੈ ਕਿ ਸਿਖ ਦੀ ਘਾਲ-ਸੇਵਾ ਥਾਇ ਪੈ ਜਾਂਦੀ ਹੈ, ਅਰਦਾਸ ਪ੍ਰਵਾਨ ਹੋ ਜਾਂਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ, "ਭਾਈ ਆਦਮ! ਮੰਗ ਲੈ ਜੋ ਮੰਗਣਾ ਹਈ, ਪਰ ਸਿਖ ਮੰਗਣਾ ਚਾਹੁੰਦਾ ਹੋਇਆ ਵੀ ਸ਼ਰਮਾ ਗਿਆ। ਗੁਰੂ ਪਾਤਿਸ਼ਾਹ ਅੰਤਰਜਾਮੀ ਸਭ ਦੇ ਦਿਲਾਂ ਦੀਆਂ ਜਾਣਦੇ ਹਨ। ਹੁਕਮ ਕੀਤਾ, "ਕਲ੍ਹ ਆਵੀਂ, ਜੋ ਤੇਰੇ ਦਿਲ ਵਿਚ ਇਛਾ ਹੈ, ਨਿਸੰਗ ਹੋ ਕੇ ਮੰਗ ਲਈਂ।"

ਭਾਈ ਆਦਮ ਸਿੱਧੂ ਕੁਲ ਦਾ ਜੱਟ, ਜਿਸ ਦੀ ਭੁਲਰੀਏ ਅੱਲ ਪੈ ਚੁਕੀ ਸੀ, ਵਡੀ ਜ਼ਮੀਨ ਜਾਇਦਾਦ ਦਾ ਮਾਲਕ ਸੀ, ਪਰ ਇਸ ਦੇ ਘਰ ਸੰਤਾਨ ਕੋਈ ਨਹੀਂ ਸੀ। ਪੁਤਰ-ਪ੍ਰਾਪਤੀ ਵਾਸਤੇ ਸੰਤਾਂ ਫ਼ਕੀਰਾਂ ਸਾਧੂਆਂ ਦੀ ਬੜੀ ਸੇਵਾ ਕਰ ਚੁਕਾ ਸੀ, ਗੁੱਗੇ ਮੜ੍ਹੀਆਂ ਪੂਜ ਚੁਕਾ ਸੀ, ਸੁਲਤਾਨ ਦੇ ਰੋਟ ਚੁਕਾ ਸੀ। ਜਿਵੇਂ ਕੋਈ ਦਸਦਾ, ਭਾਈ ਆਦਮ ਓਵੇਂ ਹੀ ਕਰਦਾ। ਮਨ-ਇਛਾ ਦੀ ਪੂਰਤੀ ਲਈ ਮਨੁੱਖ ਹਰ ਹੀਲਾ ਵਰਤਦਾ ਹੈ। ਇਸ ਤਰ੍ਹਾਂ ਇਸ ਦੀ ਹਾਲਤ "ਸੋਚ ਅਸੋਚ ਦਿਵਸ ਜਾਹੀ" ਵਾਲੀ ਹੋ ਗਈ ਸੀ।

ਇਕ ਸਿੱਖ ਆਦਮ ਦੇ ਘਰ ਆਇਆ। ਸਿੱਖ ਪ੍ਰਸ਼ਾਦਾ ਛਕ ਕੇ ਬੈਠਾ ਤਾਂ ਆਦਮ ਨੇ ਉਸ ਨੂੰ ਆਪਣਾ ਦੁੱਖ ਦਸਿਆ। ਸਿੱਖ ਨੇ ਕਿਹਾ ਕਿ ਕਲਜੁਗ ਵਿਚ ਗੁਰੂ ਨਾਨਕ ਸਾਹਿਬ ਦਾ ਰਾਜ ਹੈ—"ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ, ਆਦਿ ਪੁਰਖਿ ਫੁਰਮਾਇਓ"* ਅਤੇ ਆਪ ਕਲਜੁਗ ਦੇ ਅਵਤਾਰ ਹਨ। ਉਹਨਾਂ ਦੀ ਜੋਤੀ ਇਸ ਵੇਲੇ ਗੁਰੂ ਰਾਮਦਾਸ ਜੀ ਦੇ ਅੰਦਰ ਕੰਮ ਕਰ ਰਹੀ ਹੈ। ਤੂੰ ਸਿਦਕ ਤੇ ਭਰੋਸੇ ਨਾਲ ਉਨ੍ਹਾਂ ਦੀ ਸ਼ਰਨੀ ਚਲਾ ਜਾ, ਸੰਭਵ ਹੈ ਕਿ ਪੁਤਰ ਦੇ ਵਰਦਾਨ ਦੇ ਨਾਲ ਨਾਲ ਜੇ ਉਹ ਪ੍ਰਸੰਨ ਹੋਣ ਤਾਂ ਤੇਰਾ ਜਨਮ ਮਰਨ ਵੀ ਕਟਿਆ ਜਾਏ।

ਸਿੱਖ ਦੇ ਬਚਨ ਸੁਣ ਕੇ ਆਦਮ ਆਪਣੀ ਪਤਨੀ ਸਮੇਤ ਸਤਿਗੁਰੂ ਦੀ ਨਗਰੀ ਪਹੁੰਚ ਗਿਆ। ਸੇਵਾਦਾਰਾਂ ਦੇ ਨੇੜੇ ਆਦਮ ਨੇ ਵੀ ਇਕ ਝੁਗੀ ਪਾ ਲਈ। ਦੁਪਹਿਰ ਤਕ ਸਰੋਵਰ ਦੀ ਕਾਰ-ਸੇਵਾ ਵਿਚ ਦੋਵੇਂ ਜੀਵ ਜੁਟੇ ਰਹਿਆ ਕਰਨ, ਉਸ ਤੋਂ ਬਾਅਦ ਜੰਗਲ ਵਿਚ ਚਲੇ ਜਾਣ। ਉਥੋਂ ਦੋ ਪੰਡਾਂ ਬਾਲਣ ਦੀਆਂ ਵਢ ਕੇ ਲੈ ਆਉਣ। ਇਕ ਪੰਡ ਲੰਗਰ ਵਿਚ ਸੁਟ ਆਉਣੀ ਤੇ ਦੂਜੀ ਝੁਗੀ ਕੋਲ ਢੇਰ ਲਾਈ ਜਾਣ। ਇਸ ਤਰ੍ਹਾਂ ਛੇ ਮਹੀਨੇ ਦਾ ਸਮਾਂ ਸੇਵਾ ਕਰਦਿਆਂ ਗੁਜ਼ਰ ਗਿਆ।

ਇਕ ਵਾਰੀ ਸਿਆਲ ਦੀ ਰੁੱਤ, ਬਾਰਸ਼ ਹੋ ਗਈ। ਸੰਗਤਾਂ ਮੀਂਹ ਵਿਚ ਭਿਜ ਗਈਆਂ। ਇਥੋਂ ਤਕ ਕਿ ਕਈਆਂ ਕੋਲ ਤਾਂ ਪਾਣ ਵਾਸਤੇ ਸੁੱਕੇ ਕਪੜੇ ਵੀ ਨਾ ਰਹੇ। ਸੰਗਤਾਂ ਨੂੰ ਸਰਦੀ ਨਾਲ ਠਰਦਿਆਂ ਵੇਖ ਕੇ ਆਦਮ ਤੇ ਉਹਦੀ ਪਤਨੀ ਦੋਵੇਂ ਹੀ ਸੰਗਤਾਂ ਦੀ ਸੇਵਾ ਵਿਚ ਜੁੱਟ ਗਏ। ਆਦਮ ਸੇਵਾਦਾਰਾਂ ਕੋਲ ਲਕੜਾਂ ਸੁਟਦਾ ਰਿਹਾ ਤੇ ਮਾਈ ਅੱਗ ਬਾਲਦੀ ਰਹੀ ਅਤੇ ਸੰਗਤਾਂ ਉਹ ਅੱਗ ਸੇਕਦੀਆਂ ਰਹੀਆਂ। ਇਸ ਤਰ੍ਹਾਂ ਸੇਵਾ ਕਰਦਿਆਂ ਸੰਗਤਾਂ ਦੀ ਰਾਤ ਸੌਖੀ ਲੰਘ ਗਈ, ਕਿਸੇ ਨੂੰ ਠੰਡ ਮਹਿਸੂਸ ਨਾ ਹੋਈ। ਅੰਮ੍ਰਿਤ ਵੇਲੇ ਦੀਵਾਨ ਵਿਚ ਸਾਰੀ ਸੰਗਤ ਜੁੜ ਬੈਠੀ। ਕੀਰਤਨ ਦਾ ਅਨੰਦ ਮਾਣਿਆ। ਨਿਤ ਦੇ ਕੀਰਤਨ ਦੀ ਅਰਦਾਸ ਤੋਂ ਬਾਅਦ ਸਤਿਗੁਰੂ ਰਾਮਦਾਸ ਜੀ ਨੇ ਆਵਾਜ਼ ਮਾਰੀ, "ਜਿਨ੍ਹਾਂ ਸਿੱਖਾਂ ਨੇ ਰਾਤ ਅੱਗ ਬਾਲ ਕੇ ਸੁੱਕਾ ਬਾਲਣ ਦੇ ਕੇ ਸੇਵਾ ਕਮਾਈ, ਉਹ ਸਿੱਖ ਮਨ-ਇਛੇ ਫਲ ਮੰਗ ਲੈਣ, ਉਨ੍ਹਾਂ ਦੀ ਅਰਦਾਸ ਪਰਵਾਨ ਹੋ ਗਈ ਹੈ।" ਕੋਲੋਂ ਰਸੋਈਏ ਸਿੱਖ ਨੇ ਕਿਹਾ ਕਿ ਸਤਿਗੁਰੂ ਜੀ! ਇਹੋ ਰਾਤ ਵਾਲਾ ਸਿੱਖ ਇਕ ਭਾਰ ਸੁੱਕੇ ਬਾਲਣ ਦਾ ਰੋਜ਼ ਲੰਗਰ ਵਿਚ ਸੁੱਟ ਕੇ ਜਾਂਦਾ ਹੈ ਤੇ ਪ੍ਰਸ਼ਾਦਾ ਵੀ ਲੰਗਰੋਂ ਨਹੀਂ ਛਕਦਾ।

ਏਨੇ ਚਿਰ ਵਿਚ ਆਦਮ ਗੁਰੂ ਜੀ ਦੇ ਸਾਹਮਣੇ ਤਾਂ ਆ ਗਿਆ, ਪਰ ਸੋਚ ਰਿਹਾ ਸੀ, ਜੇ ਪੁਤਰ ਮੰਗਿਆ ਤਾਂ ਲੋਕ ਹਾਸੀ ਕਰਨਗੇ ਕਿ ਬੁੱਢੇ ਵਾਰੇ ਪੁਤਰ ਮੰਗਦਾ ਏ। ਸ਼ਰਮਾ ਗਿਆ। ਹੱਥ ਜੋੜ ਕੇ ਗੁਰੂ ਜੀ ਅਗੇ ਇਉਂ ਬੇਨਤੀ ਕੀਤੀ— ਇਮ ਵੀਚਾਰ ਕੈ ਵਾਕ ਬਖਾਨਾ ॥ ਹੇ ਗੁਰ, ਨਿਜ ਦਰਸਨੁ ਦਿਹੁ ਦਾਨਾ ॥

[ਸੂਰਜ ਪ੍ਰਕਾਸ਼, ਰਾਸਿ ੨, ਅੰਸੂ ੪੧

* ਸਵਈਏ ਮਹਲੇ ਪਹਿਲੇ ਕੇ, ॥੭॥ ਪੰਨਾ ੧੩੯੦

ਸਤਿਗੁਰੂ ਰਾਮਦਾਸ ਜੀ ਨੇ ਆਖਿਆ, ਹੇ ਸਿੱਖਾ ! ਆਪਣੇ ਦਿਲ ਦੀ ਅਸਲ ਗੱਲ ਕਿਉਂ ਲੁਕਾਂਦਾ ਏਂ, ਜੋ ਤੇਰੀ ਮਨਸਾ ਹੈ ਉਹ ਪੂਰੀ ਕਰ ਲੈ ।'' ਪਰ ਸਿਖ ਝਿਜਕ ਗਿਆ । ਗੁਰੂ ਜੀ ਦੇ ਵਾਰ ਵਾਰ ਕਹਿਣ ਤੇ ਵੀ ਦਰਸ਼ਨ-ਦਾਨ ਹੀ ਮੰਗੀ ਗਿਆ । ਗੁਰੂ ਜੀ ਨੇ ਹੁਕਮ ਕੀਤਾ, ''ਚੰਗਾ ਭਾਈ, ਕਲ੍ਹ ਨੂੰ ਦੋਵੇਂ ਜੀਅ ਆ ਕੇ ਮੰਗ ਲੈਣਾ ।'' ਆਦਮ ਫਿਰ ਆਪਣੀ ਕੁਟੀਆ ਵਿਚ ਚਲਾ ਗਿਆ । ਮਾਈ ਆਖਿਆ, ''ਗੁਰੂ ਦੇਣਾ ਚਾਹੁਣ ਤਾਂ ਸੁੱਕੇ ਰੁੱਖ ਹਰੇ ਕਰ ਸਕਦੇ ਹਨ । ਫ਼ਿਕਰ ਨਾ ਕਰ, ਗੁਰੂ ਸਾਹਿਬ ਸਰਬ ਕਲਾ ਸਮਰੱਥ ਹਨ । ਫਿਰ ਗੁਰਬਾਣੀ ਦੇ ਪਵਿੱਤਰ ਵਾਕ ਹਨ–

ਗੁਰਮੁਖਿ ਬੁਢੇ ਕਦੇ ਨਾਹੀ, ਜਿਨ੍ਾ ਅੰਤਰਿ ਸੁਰਤਿ ਗਿਆਨੁ ॥੪੪॥ (ਪੰਨਾ ੧੪੧੮)

ਅਸੀਂ ਗੁਰੂ ਜੀ ਤੋਂ ਜ਼ਰੂਰ ਮੰਗਾਂਗੇ ।''

ਦੂਜੇ ਦਿਨ ਸਵੇਰੇ ਹੀ ਸਿਖ ਭੇਜ ਕੇ ਦੋਹਾਂ ਨੂੰ ਬੁਲਾ ਲਿਆ । ਆਖਿਆ, 'ਮੰਗੋ ਜੋ ਮੰਗਣਾ ਏ ।' ਉਸੇ ਵਕਤ ਮਾਈ ਨੇ ਕਿਹਾ, ''ਮਹਾਰਾਜ ! ਜੇ ਤੁਠੇ ਹੋ ਤਾਂ ਇਹ ਵਰ ਦਿਓ, 'ਚਾਂਦੀ ਦੀ ਚਾਟੀ ਹੋਵੇ, ਸੋਨੇ ਦੀ ਮਧਾਣੀ ਹੋਵੇ, ਪੋਤਰਾ ਮੇਰੀ ਗੋਦ ਹੋਵੇ, ਨੂੰਹ ਨੂੰ ਰਿੜਕਦੀ ਵੇਖਾਂ ।' ਸੁਣ ਕੇ ਸਤਿਗੁਰਾਂ ਨੇ ਨੈਣ ਮੁੰਦੇ ਤੇ ਥੋੜੀ ਦੇਰ ਬਾਅਦ ਅੱਖਾਂ ਖੋਲ੍ਹ ਕੇ ਆਖਿਆ–

ਦੇਖਿ ਰਹੇ ਸਭਿ ਹੀ ਬਿਧਿ ਤਾਹਿ ॥ ਆਦਮ ਭਾਗ ਬਿਖੇ ਸੁਤ ਨਾਹਿ ॥

ਪਰ ਨਾਲ ਹੀ ਕਿਹਾ ਕਿ ਇਹ ਗੁਰੂ ਨਾਨਕ ਦਾ ਘਰ ਹੈ, ਇਥੋਂ ਕੋਈ ਖ਼ਾਲੀ ਨਹੀਂ ਜਾਂਦਾ । ਤੁਹਾਡੇ ਚਾਰ ਪੁਤਰ ਹੋਣੇ ਸਨ, ਤਿੰਨ ਹੋ ਚੁਕੇ ਹਨ, ਚੌਥਾ ਤੁਹਾਨੂੰ ਬਖ਼ਸ਼ਿਆ । ਉਸ ਦਾ ਨਾਂ 'ਭਗਤੂ' ਰਖਿਆ ਜੇ ।

ਦੋਵੇਂ ਜੀਅ ਗੁਰੂ ਜੀ ਤੋਂ ਮਨ-ਇਛਤ ਫਲ ਲੈ ਕੇ ਘਰ ਚਲੇ ਗਏ । ਇਕ ਸਾਲ ਬਾਅਦ ਪੁਤਰ ਜੰਮਿਆ, ਜਿਸ ਦੀ ਅੰਸ ਨੇ ਕੈਥਲ ਰਾਜ ਕੀਤਾ । ਉਥੇ ਹੀ ਰਾਜਾ ਭਾਈ ਉਦੇ ਸਿੰਘ ਨੇ ਭਾਈ ਸੰਤੋਖ ਸਿੰਘ ਜੀ ਨੂੰ ਆਪਣੇ ਕੋਲ ਰਖ ਕੇ 'ਗੁਰ ਪ੍ਰਤਾਪ ਸੂਰਜ' ਗ੍ਰੰਥ ਸਮੇਤ ਅਨੇਕ ਗ੍ਰੰਥਾਂ ਦੀ ਰਚਨਾ ਕਰਵਾਈ । ਭਾਈ ਸਾਹਿਬ ਜੀ ਦੀ ਅੰਸ ਦੇ ਪਰਵਾਰ ਜ਼ਿਲਾ ਕੁਰੂਕਸ਼ੇਤਰ ਵਿਚ ਅਰਨੋਲੀ ਪਿੰਡ ਤੇ ਹੋਰ ਕਈ ਥਾਈਂ ਵਸਦੇ ਹਨ । ਉਨ੍ਹਾਂ ਵਿਚ ਵਡੀ ਸਿਫ਼ਤ ਇਹ ਹੈ ਕਿ ਉਹ ਹੁਣ ਤਕ ਆਪਣੇ ਨਾਂ ਨਾਲ ''ਭਾਈ'' ਸ਼ਬਦ ਬੜੇ ਚਾਅ ਨਾਲ ਜੋੜਦੇ ਹਨ ।

[ਗਿ: ਹਰਿਬੰਸ ਸਿੰਘ ਜੀ ਲਿਖਤ 'ਅਰਦਾਸਿ ਪਰੰਪਰਾ ਅਤੇ ਸ਼ਕਤੀ' ਪੁਸਤਕ ਵਿਚੋਂ

---

# ਜਗਤੁ ਜਲੰਦਾ ਰਖਿ ਲੈ

ਹਰੇਕ ਗੁਰੂ ਨਾਨਕ ਨਾਮ-ਲੇਵਾ ਸਿਖ ਦਾ ਫ਼ਰਜ਼ ਬਣਦਾ ਹੈ ਕਿ ਮੌਜੂਦਾ ਬਿਖੜੇ ਸਮੇਂ ਵਿਚ ਗੁਰਾਂ ਦੀ ਸਾਜੀ ਨਿਵਾਜੀ ਧਰਤੀ ਪੰਜਾਬ, ਸਮੁੱਚੇ ਭਾਰਤ ਅਤੇ ਵਿਸ਼ਵ ਸੰਸਾਰ ਨੂੰ ਜ਼ੁਲਮ ਦੀ ਚੱਕੀ ਵਿਚ ਪੀਸਦਿਆਂ ਵੇਖ ਸੁਣ ਕੇ, ਨਿਤ ਦੀ ਅਰਦਾਸ ਵਿਚ ਉਹ ਇਹ ਜੋਦੜੀ ਵੀ ਗੁਰ-ਚਰਨਾਂ ਵਿਚ ਜੁੜ ਕੇ ਇਸ ਭਾਵ ਦੀ ਕਰੇ–

ਹੇ ਦੀਨਾਂ ਦੁਖੀਆਂ ਦੇ ਸਹਾਈ ਸਤਿਗੁਰੂ ਜੀਉ ! ਇਸ ਵੇਲੇ ਤੇਰਾ ਸਾਜਿਆ ਨਿਵਾਜਿਆ ਖ਼ਾਲਸਾ ਆਪਣੇ ਪੈਂਤੜੇ ਤੋਂ ਉਖੜਿਆ ਪਿਆ ਹੈ, ਨਿਜੀ ਕਮਜ਼ੋਰੀਆਂ ਕਾਰਨ ਲੀਰੋ ਲੀਰ ਹੋ ਰਿਹਾ ਹੈ । ਖਾਲਸੇ ਨੂੰ ਇਸ ਬਿਖੜੀ ਦਸ਼ਾ ਚੋਂ ਕਢੋ, ਨਾਮ ਬਾਣੀ ਦੇ ਲੜ ਲਾਓ, 'ਸਚੁ' ਦੀ ਸੋਝੀ ਬਖਸ਼ੋ ਅਤੇ ਨਾਮ ਬਾਣੀ ਦੀ ਕਲਾ ਵਰਤਾ ਕੇ ਖ਼ਾਲਸੇ ਦੀ ਚੜ੍ਹਦੀ ਕਲਾ ਹਰ ਅਤੇ ਮੈਦਾਨ ਫ਼ਤਹ ਬਖ਼ਸ਼ੋ !

ਹੇ ਜਗਤ ਜਲੰਦੇ ਨੂੰ ਤਾਰਨਹਾਰ ਨਿਰੰਕਾਰੀ ਪਿਤਾ ਜੀਉ ! ਅੱਜ ਸਾਰਾ ਭਾਰਤ ਅਤੇ ਸਮੁੱਚਾ ਸੰਸਾਰ ਹੀ ਮਾਇਆ ਦੀ ਅਗਨੀ ਵਿਚ ਸੜ ਰਿਹਾ ਹੈ, ਮਨੁਖ ਮਨੁਖ ਦਾ ਵੈਰੀ ਬਣਿਆ ਪਿਆ ਹੈ, ਹਰ ਕੋਈ ਮਾਇਆ ਦੇ ਮਦ ਵਿਚ ਆਫਰਿਆ ਪਿਆ ਹੈ; ਇਕ ਦੂਜੇ ਨੂੰ ਨੀਵਾਂ ਦਿਖਾਣ ਲਈ ਜ਼ੁਲਮ ਢਾਹ ਰਿਹਾ ਹੈ । ਸੱਚੇ ਪਾਤਸ਼ਾਹ ਜੀ ! ਸੜਦੇ ਬਲਦੇ ਸੰਸਾਰ ਤੇ ਤਰਸ ਕਰੋ–

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ (ਪੰਨਾ ੮੫੩)


www.AKJ.Org

# ਮਾਡਲ ਟੈਸਟ ਪੇਪਰ 'ਆਸਾ ਦੀ ਵਾਰ'

ਨੋਟ— ਗੁਰਬਾਣੀ ਥਰੈਪੀ ਟ੍ਰਸਟ ਅੰਮ੍ਰਿਤਸਰ ਵਲੋਂ, ਗੁਰਬਾਣੀ ਸਾਧਨਾ ਸਕੀਮ ਹੇਠ ਸ੍ਰੀ ਆਸਾ ਦੀ ਵਾਰ ਦੀ ਪ੍ਰੀਖਿਆ **੧੨ ਮਈ ੧੯੯੧** ਨੂੰ ਰਖੀ ਗਈ ਹੈ। ਇਸ ਬਾਣੀ ਦੇ ਸੰਬੰਧ ਵਿਚ ਛਪਿਆ ਮਾਡਲ ਟੈਸਟ ਪੇਪਰ, ਪਾਠਕਾਂ ਨੂੰ **'ਆਸਾ ਦੀ ਵਾਰ'** ਨਾਲ ਜੋੜਨ ਲਈ ਹੇਠਾਂ ਦਿਤਾ ਜਾ ਰਿਹਾ ਹੈ।—ਸੰਪਾਦਕ

## ਸਮੁੱਚੀ ਜਾਣਕਾਰੀ

**ਬਣਤਰ**—ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਚ ਸੂਚਨਾ 'ਆਸਾ ਕੀ ਵਾਰ' ਹੈ, ਪਰ ਇਸ ਦਾ ਪ੍ਰਚਲਤ ਨਾਂ 'ਆਸਾ ਦੀ ਵਾਰ' ਹੈ। ਜਿਵੇਂ ਕਿ ਇਸ ਸਿਰਲੇਖ ਤੋਂ ਸਪੱਸ਼ਟ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਆਸਾ ਵਿਚ ਆਈ 'ਵਾਰ' ਹੈ। 'ਵਾਰ' ਪਉੜੀਆਂ ਦੇ ਸੰਗ੍ਰਹਿ ਨੂੰ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਵਾਰਾਂ ਕੇਵਲ ਪਉੜੀਆਂ ਦੇ ਰੂਪ ਵਿਚ ਹੀ ਹਨ, ਜਿਵੇਂ, 'ਬਸੰਤ ਕੀ ਵਾਰ', 'ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ' ਆਦਿ। ਬਾਕੀ ਵਾਰਾਂ ਦੇ ਨਾਲ ਸਲੋਕ ਵੀ ਹਨ। ਕੁਝ ਵਾਰਾਂ ਨਾਲ ਉਸੇ ਮਹਲੇ ਦੇ ਸਲੋਕ ਹਨ। ਪਉੜੀਆਂ ਨਾਲ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਾਵਨ ਬੀੜ ਦੀ ਸੰਪਾਦਨਾ ਕਰਨ ਵੇਲੇ ਸੰਮਿਲਤ ਕੀਤੇ ਤੇ ਜੋ ਸਲੋਕ ਫਿਰ ਵੀ ਬਚ ਗਏ, ਉਹ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ ਸਵਈਆਂ ਤੋਂ ਮਗਰੋਂ ਇਕੱਠੇ ਅੰਕਤ ਕਰ ਦਿਤੇ ਗਏ।

'ਆਸਾ ਦੀ ਵਾਰ' ਦੀ ਸਿਰਲੇਖ-ਟਿੱਪਣੀ "ਵਾਰ ਸਲੋਕਾਂ ਨਾਲ, ਸਲੋਕ ਭੀ ਮਹਲੇ ਪਹਿਲੇ ਕੇ ਲਿਖੇ" ਤੋਂ ਸੰਕੇਤ ਮਿਲਦਾ ਹੈ ਕਿ ਆਸਾ ਰਾਗ ਦੀ ਵਾਰ (ਪਉੜੀਆਂ) ਦੇ ਨਾਲ 'ਮਹਲਾ ੧' (ਸ੍ਰੀ ਗੁਰੂ ਨਾਨਕ ਦੇਵ ਜੀ) ਨੇ ਆਪ ਹੀ ਆਪਣੇ ਰਚੇ ਸਲੋਕ ਵੀ ਲਿਖ ਦਿਤੇ ਤੇ ਏਸ ਤਰ੍ਹਾਂ ਪਉੜੀਆਂ ਨਾਲ ਸਲੋਕ ਸੰਮਿਲਤ ਕਰਨ ਦੀ ਪ੍ਰਥਾ ਦਾ ਪੂਰਨਾ ਪਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਹਲੇ ਪਹਿਲੇ ਦੇ ਇਹਨਾਂ ਪਉੜੀਆਂ ਤੇ ਸਲੋਕਾਂ ਨਾਲ 'ਮ: ੨' ਦੇ ਕੁਝ ਸਲੋਕ ਵੀ ਸੰਮਿਲਤ ਕਰ ਦਿਤੇ। ਸੋ 'ਆਸਾ ਦੀ ਵਾਰ' ਵਿਚਲੀਆਂ ਪਉੜੀਆਂ ਤੇ ਉਹਨਾਂ ਨਾਲ ਸੰਮਿਲਤ ਸਲੋਕਾਂ ਦਾ ਵੇਰਵਾ ਇਸ ਪ੍ਰਕਾਰ ਹੈ :—

| ਕਾਵਿ-ਰਚਨਾ | ਮਹਲੇ ਦਾ ਵੇਰਵਾ | ਕੁਲ ਗਿਣਤੀ |
|---|---|---|
| ਪਉੜੀਆਂ | ਮ: ੧—੨੪ | ੨੪ |
| ਸਲੋਕ | ਮ: ੧—੪੪, ਮ: ੨—੧੫ | ੫੯ |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਆਸਾ ਕੀ ਵਾਰ' ਨਾਲ ਸੰਬੰਧਤ ਪਉੜੀਆਂ ਅਤੇ ਸਲੋਕ ਇਕੋ ਥਾਵੇਂ ਅੰਕਤ ਹਨ।

ਪੰਥਕ ਰਵਾਇਤ ਅਨੁਸਾਰ ਆਸਾ ਰਾਗ ਦੇ ਮ: ੪, ਘਰ ੪ ਦੇ ਛੰਤਾਂ ਨੂੰ ਇਕ ਇਕ ਕਰ ਕੇ ਇਸ ਵਾਰ ਨਾਲ ਸੰਮਿਲਤ ਕਰ ਕੇ ਗਾਇਨ ਕਰਨ ਦਾ ਵਿਧਾਨ ਹੈ।

**ਪੰਥਕ ਨਿਤਨੇਮ ਦੀ ਬਾਣੀ**—ਆਸਾ ਦੀ ਵਾਰ ਨੂੰ ਹਰ ਗੁਰਦੁਆਰੇ ਵਿਚ ਅੰਮ੍ਰਿਤ ਵੇਲੇ ਨੇਮ ਨਾਲ ਗਾਇਨ ਕਰਨ ਦੀ ਮਰਯਾਦਾ ਹੈ। ਇਸ ਤਰ੍ਹਾਂ ਇਹ ਵਾਰ ਪੰਥਕ ਨਿਤ-ਨੇਮ ਦੀ ਬਾਣੀ ਕਰ ਕੇ ਪ੍ਰਚਲਤ ਹੈ। ਇਸ ਦਾ ਮੁਖ ਕਾਰਨ ਇਹ ਹੈ ਕਿ ਇਸ ਵਾਰ ਵਿਚ ਮਨੁਖ ਨੂੰ ਉਸ ਦੇ ਜੀਵਨ-ਮਨੋਰਥ ਦੀ ਸੋਝੀ ਦੇ ਕੇ ਇਸ ਮਨੋਰਥ ਦੀ ਪ੍ਰਾਪਤੀ ਦੇ ਸਾਧਨਾਂ ਬਾਰੇ ਵੀ ਸੇਧ ਦਿਤੀ ਹੋਈ ਹੈ। ਇਸ ਦੇ ਨਾਲ ਹੀ ਇਸ ਵਿਚ ਮਨੁਖ ਦੀ, ਅਧਿਆਤਮਕ, ਧਾਰਮਕ, ਸਦਾਚਾਰਕ ਅਤੇ ਸਮਾਜਕ, ਇਹਨਾਂ ਸਾਰੇ ਪੱਖਾਂ ਤੋਂ ਅਗਵਾਈ ਕੀਤੀ ਹੋਈ ਹੈ। ਸੰਕੋਚਵੀਂ ਬੋਲੀ ਵਿਚ ਬੜੇ ਵਿਸ਼ਾਲ ਭਾਵ ਗੁੰਫਤ ਕੀਤੇ ਹੋਏ ਹਨ। ਕਈ ਤੁਕਾਂ ਆਮ ਬੋਲ ਚਾਲ ਵਿਚ ਮੁਹਾਵਰੇ ਵਾਂਗ ਵਰਤੀਆਂ ਜਾਂਦੀਆਂ ਹਨ।



www.AKJ.Org

**ਵਿਸ਼ਾ ਵਸਤੂ**

ਬਾਕੀ ਬਾਣੀ ਵਾਂਗ ਸ੍ਰੀ ਆਸਾ ਦੀ ਵਾਰ ਵਿਚ ਵੀ ਵਾਹਿਗੁਰੂ, ਗੁਰੂ, ਨਾਮ, ਸਤਿਸੰਗਤ ਅਤੇ ਸਤਸੰਗੀ ਗੁਰਮੁਖਾ ਦੀ ਵਡਿਆਈ ਪ੍ਰਸਤੁਤ ਕੀਤੀ ਹੋਈ ਹੈ। ਇਸ ਵਾਰ ਵਿਚ ਜਿਥੇ ਮਨੁਖ ਨੂੰ ਨਿਜੀ ਤੌਰ ਤੇ ਸੁਚੱਜਾ ਤੇ ਸਫਲ ਜੀਵਨ ਜੀਉਣ ਦੀ ਮਰਯਾਦਾ ਸਮਝਾਈ ਹੋਈ ਹੈ, ਓਥੇ ਇਹ ਵੀ ਦਸਿਆ ਹੋਇਆ ਹੈ ਕਿ ਵਿਸ਼ਵ ਸੰਸਾਰ ਦੇ ਮਨੁਖੀ ਸਮਾਜ ਨਾਲ ਕਿਹੋ ਜਿਹਾ ਵਰਤਾਉ ਕਰਨਾ ਬਣਦਾ ਹੈ। ਦੂਜੇ ਪਾਸੇ ਮਨੁਖ ਨੂੰ ਕਪਟ ਅਤੇ ਪਖੰਡ ਤੋਂ ਸਾਵਧਾਨ ਕੀਤਾ ਹੋਇਆ ਹੈ। ਵਖ ਵਖ ਪੱਖਾਂ ਬਾਰੇ ਵਿਸ਼ੇਸ਼ ਨੁਕਤੇ ਸੰਖੇਪ ਵਿਚ ਇਸ ਪ੍ਰਕਾਰ ਹਨ:-

**ਵਾਹਿਗੁਰੂ**–ਵਾਹਿਗੁਰੂ ਅਦੁਤੀ ਹੈ। ਉਸਦਾ ਸਰੂਪ ਸੱਚ ਹੈ। ਉਹ ਸਭ ਕਾਸੇ ਦਾ ਕਰਤਾ ਅਤੇ ਸਭ ਕਾਸੇ ਵਿਚ ਵਿਆਪਕ ਹੈ। ਉਹ ਭੈ ਰਹਿਤ, ਵੈਰ ਰਹਿਤ ਅਤੇ ਕਾਲ ਤੋਂ ਮੁਕਤ ਹੈ। ਉਹ ਸਰਬ-ਸ਼ਕਤੀਮਾਨ ਅਤੇ ਸਰਬ-ਕਲਾ-ਸਮਰਥ ਹੈ। ਉਸ ਦਾ ਸਰੂਪ ਸੁਤੇ ਪ੍ਰਕਾਸ਼ ਹੈ। ਆਪਣੇ ਆਪ ਤੋਂ ਉਸ ਨੇ ਨਾਮ ਦੀ ਰਚਨਾ ਕੀਤੀ ਹੈ, ਜੋ 'ਨਾਮੀ' ਵਾਂਗ ਹੀ ਸਰਬ ਵਿਆਪੀ ਹੈ। ਨਾਲ ਹੀ ਵਾਹਿਗੁਰੂ ਨੇ ਆਪਣੇ ਆਪ ਤੋਂ ਕੁਦਰਤਿ ਦੀ ਸਿਰਜਨਾ ਵੀ ਕੀਤੀ ਹੋਈ ਹੈ ਅਤੇ ਸਾਰੀ ਕੁਦਰਤ ਵਿਚ ਉਹ ਆਪ ਆਸਣ ਜਮਾਈ ਬੈਠਾ ਹੈ।

**ਕੁਦਰਤਿ--ਸੱਚੀ ਵੀ ਤੇ ਝੂਠ ਵੀ**–ਜੋ ਕੁਝ ਦਿਸ ਰਿਹਾ ਹੈ ਉਹ ਸਾਰਾ ਕੁਝ ਕਾਦਰ (ਕਰਤਾ ਪੁਰਖ) ਦੀ ਕੁਦਰਤ ਹੈ। ਕਾਦਰ ਵਾਂਗ ਕੁਦਰਤ ਵੀ ਸੁੰਦਰ ਅਤੇ ਵਿਸਮਾਦ-ਜਨਕ ਹੈ, ਕਿਉਂਕਿ ਕਾਦਰ ਕੁਦਰਤ ਵਿਚ ਸੁਇਅਮ (ਖ਼ੁਦ) ਵਰਤ ਰਿਹਾ ਹੈ। ਕੁਦਰਤ ਦੀ ਸਿਰਜਣਾ ਕਾਦਰ ਨੇ ਇਸ ਮੰਤਵ ਲਈ ਕੀਤੀ ਹੋਈ ਹੈ ਕਿ ਉਸ ਦੀ ਅੰਸ (ਮਨੁਖ) ਇਸ ਦ੍ਰਿਸ਼ਟਮਾਨ ਸੁੰਦਰ ਅਤੇ ਵਿਸਮਾਦ-ਜਨਕ ਕੁਦਰਤ ਵਿਚੋਂ ਅਦ੍ਰਿਸ਼ਟ ਸੁੰਦਰਾਵਲੇ ਦਾ ਅਨੁਭਵ ਕਰ ਕੇ ਇਸ ਦਾ ਰਸ ਤੇ ਅਨੰਦ ਮਾਣਦਾ ਹੋਇਆ, ਪਰਮ-ਅਨੰਦ ਵਿਚ ਲੀਨ ਹੋ ਸਕੇ।

ਇਸ ਦ੍ਰਿਸ਼ਟੀ-ਕੋਣ ਤੋਂ ਵੇਖਿਆਂ ਵਾਹਿਗੁਰੂ ਦੇ ਭੈ ਤੇ ਭਾਣੇ ਵਿਚ ਵਿਚਰਦੀ ਸਾਰੀ ਕੁਦਰਤ, ਇਸ ਦੇ ਖੰਡ, ਬ੍ਰਹਮੰਡ, ਲੋਅ, ਅਕਾਰ, ਜੀਵ ਜੰਤੂ, ਪਉਣ ਪਾਣੀ ਆਦਿ ਸਾਰੇ ਸੱਚੇ ਹਨ, ਜੋ ਸੱਚੇ ਵਾਹਿਗੁਰੂ ਨੇ ਸੱਚ ਦੇ ਪ੍ਰਕਾਸ਼ ਲਈ ਰਚੇ ਹਨ। ਜੋ ਜੀਵ ਕੁਦਰਤ ਵਿਚ 'ਸੱਚ' ਨੂੰ ਅਨਭਵ ਕਰ ਕੇ ਪਰਮ-ਸੱਚ ਵਿਚ ਜੁੜ ਜਾਏ, ਉਹ ਅੰਤ ਨੂੰ ਸੱਚ-ਸਰੂਪ ਹੀ ਹੋ ਨਿਬੜਦਾ ਹੈ।

ਦੂਜੇ ਦ੍ਰਿਸ਼ਟੀਕੋਣ ਤੋਂ ਵੇਖਿਆਂ, ਇਹ ਸਾਰਾ ਦ੍ਰਿਸ਼ਟਮਾਨ ਸੰਸਾਰ-ਪਸਾਰਾ ਨਾਸ਼ਮਾਨ ਹੈ ਤੇ ਏਸ ਤਰ੍ਹਾਂ ਇਹ ਇਕ ਕੋਰਾ 'ਝੂਠ' ਹੈ।

ਇਹ ਬੜਾ ਸੂਖਮ ਨੁਕਤਾ ਹੈ ਤੇ ਇਸ ਨੂੰ ਸੂਖਮ ਬੁਧੀ ਨਾਲ ਸਮਝਣ ਦੀ ਲੋੜ ਹੈ। ਕੁਦਰਤ ਨੂੰ ਵੇਖ ਕੇ ਕਾਦਰ-ਪ੍ਰਸਤ ਬਣਿਆਂ ਕੁਦਰਤ 'ਸੱਚ' ਹੋ ਨਿਬੜਦੀ ਹੈ ਅਤੇ ਕੁਦਰਤ ਦੀ ਸੁੰਦਰਤਾ ਤੇ ਮੋਹਤ ਹੋ ਕੇ ਕੁਦਰਤ-ਪ੍ਰਸਤ ਹੋਣ ਤੇ ਕੁਦਰਤ 'ਝੂਠ' ਸਾਬਤ ਹੁੰਦੀ ਹੈ, ਕਿਉਂਕਿ ਇਹ ਸਦਾ ਕਾਇਮ ਨਹੀਂ ਰਹਿੰਦੀ। ਸਤਿਗੁਰਾਂ ਨੇ ਇਸ ਸੰਬੰਧ ਵਿਚ "ਤੁਧੁ ਬਾਝੁ ਕੂੜੋ ਕੂੜੁ" ਨਿਰਣਾ ਕੀਤਾ ਹੈ।

**ਸੱਚ ਤੇ ਝੂਠ**–ਆਸਾ ਦੀ ਵਾਰ ਵਿਚ ਸਤਿਗੁਰੂ ਮਨੁਖ ਨੂੰ ਕੂੜ ਛਡ ਕੇ 'ਸਚ' ਨੂੰ ਗ੍ਰਹਿਣ ਕਰਨ ਦੀ ਭਰਪੂਰ ਪ੍ਰੇਰਨਾ ਬਖ਼ਸ਼ਦੇ ਹਨ ਅਤੇ ਨਾਲ ਹੀ ਸੱਚ ਦੇ ਧਾਰਨੀ ਬਣਨ ਦੀਆਂ ਨਿਸ਼ਾਨੀਆਂ ਵੀ ਦਸੀਆਂ ਹਨ। ਕੇਵਲ ਗਲੀਂ ਬਾਤੀਂ ਨਹੀਂ, ਸਗੋਂ ਸੱਚ ਨੂੰ ਪਿਆਰ ਨਾਲ ਹਿਰਦੇ ਵਿਚ ਧਾਰਨ ਕਰ ਕੇ ਅਤੇ ਕੂੜ ਦੀ ਸਾਰੀ ਮੈਲ ਸਾਫ਼ ਕਰ ਕੇ ਆਤਮ-ਤੀਰਥ ਤੇ ਨਿਵਾਸ ਕਰਨ ਨਾਲ ਹੀ ਮਨੁਖ ਸਚਿਆਰ ਬਣਨ ਦਾ ਅਧਿਕਾਰੀ ਹੋ ਸਕਦਾ ਹੈ।

ਸਾਰੇ ਜੁਗਾਂ ਦੇ ਵਖ ਵਖ ਰੱਥ ਅਤੇ ਰਥਵਾਨ ਹਨ। ਕਲਜੁਗ ਦਾ ਰੱਥ ਅਗਨੀ ਦਾ ਹੈ ਅਤੇ 'ਕੂੜ' ਇਸ ਦਾ ਰਥਵਾਨ ਹੈ। ਕਲਜੁਗ ਦੇ ਪ੍ਰਬਲ ਪ੍ਰਭਾਵ ਕਾਰਨ ਸੰਸਾਰ ਤੇ ਸੱਚ ਦਾ ਕਾਲ ਪੈ ਗਿਆ ਹੈ ਤੇ ਕੂੜ ਪ੍ਰਧਾਨ ਬਣ ਬੈਠਾ ਹੈ। ਮਨੁੱਖ ਝੂਠ ਦੀ ਕਾਲਖ ਨਾਲ ਭੂਤਨੇ ਹੋਏ ਫਿਰਦੇ ਹਨ। ਇਹ ਕਾਲਖ ਪ੍ਰਭੂ ਦੇ 'ਭਉ' ਤੇ 'ਭਾਉ' ਦੁਆਰਾ ਧੋਤੀ ਜਾ ਸਕਦੀ ਹੈ ਤੇ ਫਿਰ ਮਨੁੱਖ ਦੇ ਚਿਹਰੇ ਤੇ ਭਗਤੀ ਦਾ ਨੂਰ ਚਮਕ ਉਠਦਾ ਹੈ।



www.AKJ.Org

**ਗੁਰੂ ਅਤੇ ਗੁਰ-ਸ਼ਬਦ (ਨਾਮ)**–ਕਰਤਾ ਪੁਰਖ ਦਾ ਇਕ ਗੁਣ 'ਗੁਰੂ ਗੁਣ' ਹੈ, ਜਿਸ ਦੁਆਰਾ ਉਹ ਸੰਸਾਰ ਦੇ ਜੀਵਾਂ ਨੂੰ ਗਿਆਨ-ਚਾਨਣਾ ਬਖਸ਼ਦਾ ਹੈ। 'ਗੁਰੂ' ਵਾਸਤਵ ਵਿਚ 'ਸ਼ਬਦ' ਹੀ ਹੈ।

'ਗੁਰੂ' ਅੰਮ੍ਰਿਤ-ਕੁੰਡ ਹੈ, ਜਿਸ ਵਿਚ ਸ਼ਰਧਾ ਭਾਵਨੀ ਨਾਲ ਟੁਭੀ ਲਾਇਆਂ ਮਨੁੱਖ ਅੰਮ੍ਰਿਤ-ਮਈ ਹੋ ਜਾਂਦਾ ਹੈ। ਗੁਰ-ਬਾਣੀ ਆਤਮਕ-ਤ੍ਰਿਪਤੀ ਬਖਸ਼ਣ ਵਾਲਾ ਅੰਮ੍ਰਿਤ ਭੋਜਨ ਹੈ। ਗੁਰੂ ਦੀ ਪਾਰਸ-ਰਸਾਇਣੀ ਛੁਹ ਪਸ਼ੂ-ਬਿਰਤੀ ਵਾਲੇ ਮਨੁਖਾਂ ਨੂੰ ਵੀ ਦੇਵਤਾ ਬਣਾ ਦਿੰਦੀ ਹੈ। 'ਮਨ' ਗਿਆਨ ਤੋਂ ਬਗ਼ੈਰ ਵਸ ਨਹੀਂ ਹੋ ਸਕਦਾ ਅਤੇ 'ਗਿਆਨ' ਗੁਰੂ ਤੋਂ ਬਗੈਰ ਹੋਣਾ ਅਸੰਭਵ ਹੈ। ਗਲੀਂ ਬਾਤੀਂ ਗਿਆਨ ਨਹੀਂ ਹੋ ਸਕਦਾ, ਇਸ ਲਈ ਆਪਾ ਗੁਰੂ ਨੂੰ ਅਰਪਣ ਕਰਨਾ ਮੁਢਲੀ ਸ਼ਰਤ ਹੈ।

'ਗੁਰੂ' ਗਿਆਨ-ਚਰਾਗ ਹੈ। ਸੈਂਕੜੇ ਅਤੇ ਹਜ਼ਾਰਾਂ ਚੰਨ-ਸੂਰਜਾਂ ਦੇ ਹੁੰਦਿਆਂ ਗੁਰੂ ਤੋਂ ਬਗੈਰ ਮਨੁੱਖ ਦੇ ਹਿਰਦੇ ਵਿਚ ਅਗਿਆਨਤਾ ਦਾ ਘੁਪ ਅੰਨ੍ਹੇਰਾ ਛਾਇਆ ਰਹਿੰਦਾ ਹੈ।

'ਗੁਰੂ' ਬੋਹਿਥ (ਜਹਾਜ਼) ਹੈ, ਜੋ ਜੀਵ ਨੂੰ ਭਵਸਾਗਰ ਤੋਂ ਪਾਰ ਕਰਨ ਦੇ ਸਮਰੱਥ ਹੈ। 'ਗੁਰੂ' ਸੱਚ-ਸਰੂਪ ਹੈ ਅਤੇ ਪਰਮ-ਸੱਚ ਦੀ ਸੋਝੀ ਬਖਸ਼ਦਾ ਹੈ।

ਗੁਰੂ ਜਗਿਆਸੂ ਨੂੰ ਨਾਮ ਦ੍ਰਿੜ੍ਹ ਕਰਾਉਂਦਾ ਹੈ, ਜਿਸ ਦੇ ਤੁਫ਼ੈਲ ਤ੍ਰਿਸ਼ਨਾ-ਅਗਨੀ ਸ਼ਾਂਤ ਹੋ ਜਾਂਦੀ ਹੈ ਤੇ ਜਮ-ਜਾਲ ਤੋਂ ਖਲਾਸੀ ਹੋ ਜਾਂਦੀ ਹੈ। ਗੁਰੂ ਦੇ ਦਰਸ਼ਨ ਨਾਲ ਮਨ ਵਿਚ ਚੜ੍ਹਦੀ ਕਲਾ ਹੋ ਜਾਂਦੀ ਹੈ। ਗੁਰੂ ਦੀ ਚਰਨ-ਛੁਹ ਨਾਲ ਹਰੇਕ ਥਾਂ ਸਤਿਕਾਰ ਜੋਗ ਹੋ ਜਾਂਦੀ ਹੈ, ਜਿਥੋਂ ਦੀ ਚਰਨ-ਧੂੜ ਮਥੇ ਤੇ ਲਾਇਆਂ ਭਾਗ ਜਾਗ ਪੈਂਦੇ ਹਨ।

**ਸੰਤ-ਭਗਤ-ਗੁਰਸਿਖ**–ਮਨ, ਬਚਨ, ਕਰਮ ਕਰਕੇ, ਗੁਰੂ ਨਾਮ ਅਤੇ ਵਾਹਿਗੁਰੂ ਉਤੇ ਸ਼ਰਧਾ ਭਾਵਨੀ ਧਾਰਨ ਵਾਲੇ ਜੀਵਾਂ ਨੂੰ ਸੰਤ, ਭਗਤ, ਗੁਰਸਿਖ ਆਦਿ ਦੀ ਸੰਗਿਆ ਦਿਤੀ ਗਈ ਹੈ। ਭਗਤ-ਜਨਾਂ ਨੂੰ ਕੇਵਲ ਸਿਫਤ-ਸਲਾਹ ਦੀ ਭੁਖ ਹੁੰਦੀ ਹੈ। ਉਹ ਸਾਸ ਗ੍ਰਾਸ ਨਾਮ-ਰਸ ਭੁੰਚਦੇ ਤੇ ਅਨੰਦਤ ਰਹਿੰਦੇ ਹਨ। ਨਾਮ ਦੀ ਅਤੁਟ ਕਮਾਈ ਦੇ ਫਲ-ਸਰੂਪ ਉਹਨਾਂ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ ਤੇ ਅੰਦਰ ਸੰਤੋਖ ਉਪਜ ਪੈਂਦਾ ਹੈ। ਸੰਤੋਖ ਉਹਨਾਂ ਦੇ ਅੰਦਰ ਸੇਵਾ ਦਾ ਉਮਾਹ ਪੈਦਾ ਕਰ ਦਿੰਦਾ ਹੈ। ਦੈਵੀ ਗੁਣਾਂ ਕਰਕੇ ਉਹ ਸੰਸਾਰ ਉਤੇ ਵੀ ਲੋਕ-ਪ੍ਰਿਅ ਹੋ ਜਾਂਦੇ ਹਨ ਅਤੇ ਪ੍ਰਭੂ ਨੂੰ ਵੀ ਪਿਆਰੇ ਲਗਦੇ ਹਨ। ਹਿਰਦੇ ਵਿਚ ਪ੍ਰਭੂ-ਪ੍ਰੀਤ ਵਾਲੇ ਵਿਅਕਤੀ ਹੀ ਪ੍ਰਭੂ ਦੀ ਨਿਗਾਹ ਵਿਚ ਸੁਘੜ ਸੁਜਾਨ ਮੰਨੇ ਜਾਂਦੇ ਹਨ। ਉਹਨਾਂ ਦੀ ਲੋਕ ਪ੍ਰਲੋਕ ਵਿਚ ਇਜ਼ਤ-ਪਤਿ ਕਰਤਾ ਪੁਰਖ ਜੁਗਾਂ ਜੁਗਾਂਤਰਾਂ ਤੋਂ ਰਖਦਾ ਆਇਆ ਹੈ। ਉਹਨਾਂ ਨੂੰ ਕੋਈ ਦੁਖ ਕਲੇਸ਼ ਜਾਂ ਵਿਘਨ ਨਹੀਂ ਵਿਆਪਦਾ। ਕਰਤਾ ਪੁਰਖ ਆਪ ਉਹਨਾਂ ਨੂੰ ਹਲਤ ਪਲਤ ਵਿਚ ਮਾਣ ਸਤਿਕਾਰ ਦਿਵਾਉਂਦਾ ਹੈ।

**ਆਸ਼ਕੀ (ਪ੍ਰੀਤ)**–ਸੱਚਾ ਆਸ਼ਕ (ਪ੍ਰੀਤਵਾਨ) ਕੇਵਲ ਉਸ ਨੂੰ ਹੀ ਕਿਹਾ ਜਾ ਸਕਦਾ ਹੈ ਜੋ ਮੁਕੰਮਲ ਤੌਰ ਤੇ ਆਪਣਾ ਆਪ ਮਾਲਕ ਨੂੰ ਸਮਰਪਣ ਕਰ ਦੇਵੇ ਅਤੇ ਅਮੀਰੀ-ਗਰੀਬੀ, ਦੁਖ-ਸੁਖ, ਹਰ ਹਾਲਤ ਵਿਚ ਮਾਲਕ ਦੀ ਰਜ਼ਾ ਵਿਚ ਰਾਜ਼ੀ ਰਵ੍ਹੇ। 'ਸਿੱਖੀ' ਮਾਲਕ ਦੀ ਰਜ਼ਾ ਵਿਚ ਟੁਰਨ ਦਾ ਮਾਰਗ ਹੈ। ਪ੍ਰਭੂ ਦੀ ਰਜ਼ਾ ਮੂਹਰੇ ਹੀਲ ਹੁਜਤ ਮਤਿ-ਹੀਣਤਾ ਅਤੇ ਗੁਸਤਾਖ਼ੀ ਦੀ ਲਖਾਇਕ ਹੁੰਦੀ ਹੈ। ਮਾਲਕ ਅਗੇ ਸਲਾਮ ਅਤੇ ਜਬਾਬ ਦੋਵੇਂ ਕਰਨ ਵਾਲਾ ਚਾਕਰ ਉਸ ਦੀ ਕਿਰਪਾ-ਦ੍ਰਿਸ਼ਟੀ ਦਾ ਪਾਤਰ ਹਰਗਿਜ਼ ਨਹੀਂ ਬਣ ਸਕਦਾ, ਸਗੋਂ ਕਰੋਪੀ ਸਹੇੜਦਾ ਹੈ।

**ਨਦਰਿ**–ਸਿੱਖੀ ਦੇ ਮੁਢਲੇ ਸਿਧਾਂਤਾਂ ਵਿਚ 'ਨਦਰਿ' ਦਾ ਵਿਸ਼ੇਸ਼ ਸਥਾਨ ਹੈ। ਜੋ ਕੁਝ ਪ੍ਰਾਪਤ ਹੈ ਅਤੇ ਜੋ ਕੁਝ ਹੋਰ ਪ੍ਰਾਪਤ ਹੋਣਾ ਹੈ, ਉਸ ਦਾ ਮੂਲ-ਅਧਾਰ 'ਨਦਰਿ' ਹੈ। ਜਿਹੜਾ ਕੁਝ ਆਪਣੇ ਉਦੱਮ, ਸ਼ਕਤੀ ਜਾਂ ਸਿਆਣਪ ਕਰਕੇ ਮਿਲੇ, ਉਸ ਨੂੰ 'ਦਾਤਿ' ਕਿਵੇਂ ਕਿਹਾ ਜਾ ਸਕਦਾ ਹੈ। 'ਦਾਤਿ' ਕੇਵਲ ਉਹ ਹੈ ਜੋ ਮਾਲਕ ਦੇ ਤਰੁੱਠਣ ਤੇ ਮਿਲੇ, ਤੇ ਇਹੀ 'ਕਰਾਮਾਤਿ' ਹੈ। ਮਨੁਖੀ ਚਤੁਰਾਈਆਂ ਤੇ ਸਿਆਣਪਾਂ ਦਾ 'ਨਦਰਿ' ਦੇ ਸਾਹਮਣੇ ਕੌਡੀ ਮੁਲ ਨਹੀਂ। ਵਾਹਿਗੁਰੂ ਦੀ ਕਿਰਪਾ-ਦ੍ਰਿਸ਼ਟੀ (ਨਦਰਿ) ਹੋਵੇ ਤਾਂ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਤੇ ਜੇ ਸਤਿਗੁਰੂ ਨਦਰਿ ਕਰੇ ਤਾਂ ਵਾਹਿਗੁਰੂ ਨਾਲ ਮਿਲਾਪ ਹੋ ਜਾਂਦਾ ਹੈ। ਜੇ ਵਾਹਿਗੁਰੂ ਦੀ ਕੁਵੱਲੀ ਨਦਰਿ ਹੋ ਜਾਵੇ


www.AKJ.Org

ਤਾਂ ਉਹ ਰਾਜਿਆਂ ਮਹਾਰਾਜਿਆਂ ਨੂੰ ਕਖੋਂ ਹੌਲਾ ਕਰ ਦਿੰਦੀ ਹੈ। ਨਦਰਿ ਦੀ ਪਾਤਰਤਾ ਲਈ ਆਪਾ-ਸਮਰਪਣ ਮੁਢਲੀ ਸ਼ਰਤ ਹੈ।

**ਦੁਖ-ਸੁਖ**—ਦੁਖ ਸੁਖ ਮਨੁਖੀ ਜੀਵਨ ਦੀਆਂ ਦੋ ਹਾਲਤਾਂ ਹਨ। ਦੁਖ ਨਾਲ ਮਨੁਖ ਪੀੜਤ ਹੁੰਦਾ ਹੈ ਅਤੇ ਸੁਖ ਨਾਲ ਪ੍ਰਸੰਨ। ਹਰ ਕੋਈ ਸੁਖ ਦਾ ਗਾਹਕ ਹੈ, ਦੁਖ ਨੂੰ ਕੋਈ ਨਹੀਂ ਚਾਹੁੰਦਾ। ਸਤਿਗੁਰੂ ਜੀ ਸ੍ਰੀ ਆਸਾ ਦੀ ਵਾਰ ਵਿਚ ਇਕ ਭੇਤ ਦੀ ਗੱਲ ਸਮਝਾਂਦੇ ਹਨ। ਆਪ ਦਾ ਫ਼ੁਰਮਾਨ ਹੈ "ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ।"

ਸਤਿਗੁਰਾਂ ਦੇ ਬਚਨਾਂ ਅਨੁਸਾਰ ਪ੍ਰਭੂ ਦਾ ਵਿਸ੍ਰ ਜਾਣਾ 'ਦੁਖ' ਹੈ ਅਤੇ ਉਸ ਦਾ ਚਿਤ ਵਿਚ ਆ ਵਸਣਾ 'ਸੁਖ'। ਸ੍ਰੀਰਕ ਸੁਖ ਵਿਚ ਜੇ ਵਾਹਿਗੁਰੂ ਵਿਸਰ ਜਾਏ ਤਾਂ ਇਹ ਸੁਖ ਵਡਾ ਰੋਗ ਬਣ ਜਾਂਦਾ ਹੈ। ਦੂਜੇ ਪਾਸੇ ਸਰੀਰਕ ਦੁਖ ਵਿਚ ਜੇ ਪ੍ਰਭੂ ਚੇਤੇ ਆਵੇ ਤਾਂ ਇਹ ਦੁਖ 'ਦਾਰੂ' ਹੋ ਨਿਬੜਦਾ ਹੈ।

ਦੁਖ ਅਤੇ ਸੁਖ ਦਾ ਨਿਰਣਾ ਸਰੀਰ ਨਾਲੋਂ ਆਤਮਕ ਦਸ਼ਾ ਤੇ ਵਧੇਰੇ ਨਿਰਭਰ ਕਰਦਾ ਹੈ।

**ਹਉਮੈ**—'ਹਉਮੈ' ਤੋਂ ਭਾਵ ਹੈ 'ਮੈ-ਮੇਰੀ'। ਹਉਮੈ ਮਨੁਖ ਵਿਚ ਕਰਤਾ ਪੁਰਖ ਨੇ ਪਾਈ ਹੈ। ਇਹ ਰਹਿਮਤ (ਬਖਸ਼ਸ਼) ਵੀ ਹੈ ਅਤੇ ਜ਼ਹਿਮਤ (ਬਲਾ) ਵੀ। ਮਨੁਖ ਨੂੰ ਪ੍ਰਧਾਨ-ਰੋਗ 'ਹਉਮੈ' ਦਾ ਹੈ। ਇਹ ਡੈਣ ਹਰ ਵੇਲੇ ਮਨੁੱਖ ਨੂੰ ਚਿੰਬੜੀ ਰਹਿੰਦੀ ਹੈ। ਮਨੁੱਖ ਦਾ ਜੰਮਣ-ਮਰਣ, ਲੈਣ-ਦੇਣ, ਹਸਣ-ਰੋਣ ਹਉਮੈ ਵਿਚ ਹੀ ਹੁੰਦਾ ਹੈ। ਏਥੋਂ ਤਕ ਕਿ ਮਨੁਖ ਪਾਪ ਪੁੰਨ ਦੀ ਵਿਚਾਰ ਵੀ ਹਉਮੈ ਅਧੀਨ ਹੀ ਕਰਦਾ ਹੈ।

ਹਉਮੈ ਇਕ ਅਜਿਹੀ ਪਉੜੀ ਹੈ, ਜਿਸ ਦਾ ਹੇਠਲਾ ਡੰਡਾ ਰਸਾਤਲ ਵਿਚ ਅਤੇ ਉਪਰਲਾ ਡੰਡਾ ਅਕਾਸ਼ ਵਿਚ ਹੈ। 'ਹਉਮੈ' ਆਪੇ ਦਾ ਅਹਿਸਾਸ ਹੈ। ਜੇ ਮਨੁੱਖ ਇਸ ਅਹਿਸਾਸ ਨੂੰ ਆਪੇ ਤੇ ਕੇਂਦਰਤ ਕਰਕੇ ਖ਼ੁਦਗਰਜ਼ੀ ਦਾ ਸ਼ਿਕਾਰ ਹੋ ਜਾਵੇ ਤਾਂ ਹਉਮੈ ਦੀਰਘ ਰੋਗ ਹੈ, ਪਰ ਜੇ ਮਨੁੱਖ ਆਪੇ ਦਾ ਅਹਿਸਾਸ ਕਰਕੇ ਇਸ ਆਪੇ ਨੂੰ ਪਰਮ-ਆਪੇ ਵਿਚ ਲੀਨ ਕਰਨ ਲਈ ਤਤਪਰ ਹੋ ਜਾਵੇ ਤਾਂ ਹਉਮੈ ਦਾਰੂ ਹੋ ਨਿਬੜਦੀ ਹੈ। ਇਹ ਹਉਮੈ ਹੀ ਹੈ ਜੋ ਜੀਵ ਨੂੰ ਸਤਿ-ਸਰੂਪ, ਰਾਮ ਕੀ ਅੰਸ ਹੋਣ ਦਾ ਅਹਿਸਾਸ ਕਰਾਉਂਦੀ ਹੈ।

ਹਉਮੈ ਦਾ ਹਾਨੀਕਾਰਕ ਪੱਖ ਗੁਰ-ਸ਼ਬਦ ਦੀ ਕਮਾਈ ਦੁਆਰਾ ਨਾਸ ਹੋ ਜਾਂਦਾ ਹੈ।

**ਧਰਮ-ਰਾਜ ਅਤੇ ਧਰਮ-ਨਿਆਂ**—ਕਰਤਾ ਪੁਰਖ ਨੇ ਜੀਵਾਂ ਦੇ ਚੰਗੇ ਮੰਦੇ ਕਰਮਾਂ ਦਾ ਲੇਖਾ ਲਿਖਣ ਲਈ ਅਤੇ ਧਰਮ-ਨਿਆਂ ਚਲਾਉਣ ਲਈ ਧਰਮ-ਰਾਜ ਦੀ ਸਥਾਪਨਾ ਕੀਤੀ ਹੋਈ ਹੈ। ਇਸ ਧਰਮ-ਨਿਆਂ ਅਧੀਨ "ਜੈਸਾ ਬੀਜੈ ਸੋ ਲੁਣੈ" ਦਾ ਵਰਤਾਰਾ ਵਰਤਦਾ ਹੈ। ਕੋਈ ਬਿਖ (ਜ਼ਹਿਰ) ਦਾ ਬੂਟਾ ਬੀਜੇ ਅਤੇ ਆਸ ਰਖੇ ਕਿ ਇਸ ਨੂੰ ਅੰਮ੍ਰਿਤ-ਫਲ ਲਗੇਗਾ, ਇਹ ਉਸਦੀ ਖ਼ਾਮ ਖ਼ਿਆਲੀ ਹੈ। ਧਰਮ-ਰਾਜ ਦੀ ਕਚਹਿਰੀ ਵਿਚ ਸੱਚ ਹੀ ਸੱਚ ਨਿਬੜਦਾ ਹੈ।

ਹਰੇਕ ਜੀਵ ਨੂੰ ਆਪਣੇ ਚੰਗੇ ਮੰਦੇ ਕਰਮਾਂ ਦਾ ਫਲ ਅਵੱਸ਼ ਭੁਗਤਣਾ ਪੈਂਦਾ ਹੈ। ਫਿਰ ਕੋਈ ਮੰਦੇ ਕਰਮ ਕਿਉਂ ਕਰੇ, ਜਿਸ ਨਾਲ ਜੀਵਨ ਦੀ ਬਾਜ਼ੀ ਹਾਰ ਕੇ ਨਮੋਸ਼ੀ ਹੋਵੇ ? ਪਾਪ-ਕਰਮ ਅਤੇ ਅਉਗਣ ਕਰ ਕੇ ਪਛਤਾਵਾ ਹੀ ਜੀਵ ਦੇ ਪਲੇ ਪੈਂਦਾ ਹੈ। ਸੱਚੀ ਦਰਗਾਹ ਵਿਚ ਓਹੀ ਪਰਵਾਣ ਪੈਂਦੇ ਹਨ, ਜੋ ਮਾਲਕ ਦੀ ਦਸੀ ਕਾਰ ਕਰ ਕੇ ਸੁਰਖ਼ਰੂ ਹੁੰਦੇ ਹਨ।

**ਮਨੁਖਾ ਜਨਮ ਦਾ ਮਨੋਰਥ ਤੇ ਮਨੋਰਥ-ਪ੍ਰਾਪਤੀ ਦੇ ਸਾਧਨ**—ਇਸ ਅਮੋਲਕ ਮਨੁਖਾ ਜਨਮ ਦਾ ਮੂਲ-ਮਨੋਰਥ 'ਵਾਹਿਗੁਰੂ-ਪ੍ਰਾਪਤੀ' ਹੀ ਹੈ। ਇਹ ਮਨੋਰਥ ਗੁਰੂ ਤੋਂ ਨਾਮ ਦੀ ਪ੍ਰਾਪਤੀ ਕਰਕੇ, ਫਿਰ ਨਾਮ ਦੀ ਸਾਸ ਗ੍ਰਾਸ ਕਮਾਈ ਦੁਆਰਾ ਹੀ ਪੂਰਾ ਹੋ ਸਕਦਾ ਹੈ। ਨਾਮ-ਕਮਾਈ ਤੋਂ ਸਖਣੇ ਆਪ-ਹੁਦਰੇ ਮਨਮੁਖ ਮਨੁਖਾ ਜਨਮ ਨੂੰ ਅਜਾਈਂ ਗਵਾ ਕੇ ਚੁਰਾਸੀ ਦੇ ਚਕਰ ਵਿਚ ਜਾ ਪੈਂਦੇ ਹਨ।

ਕੋਈ ਕਰਮ ਨਾਮ ਦੀ ਬਰਾਬਰੀ ਨਹੀਂ ਕਰਦਾ। ਨਾਮ ਨੂੰ ਛਡ ਕੇ ਹੋਰ ਹੋਰ ਕਰਮ (ਤੀਰਥ ਇਸ਼ਨਾਨ; ਪੁੰਨ ਦਾਨ; ਭੇਖ, ਵਰਤ; ਸੰਜਮ ਆਦਿ) ਕਰਨੇ ਕਰਮ-ਕਾਂਡ ਹਨ, ਜਿਨ੍ਹਾਂ ਦਾ ਦਰਗਾਹ ਵਿਚ ਕੌਡੀ ਮੁਲ ਨਹੀਂ।


www.AKJ.Org

ਦੇਵੀ ਦੇਵਤਿਆਂ ਦੇ ਸਾਂਗ ਉਤਾਰ ਕੇ ਰਾਸਾਂ ਪਾਉਣੀਆਂ, ਇਹ ਬੱਚਿਆਂ ਵਾਲੀ ਖੇਡ ਹੈ। ਸਤਿਗੁਰੂ ਜੀ ਇਸ ਕਿਰਿਆ ਨੂੰ 'ਨਚਣੁ ਕੁਦਣੁ ਮਨ ਕਾ ਚਾਉ' ਹੀ ਦਸਦੇ ਹਨ।

ਪ੍ਰਭੂ ਕਿਸੇ ਰਾਗ ਨਾਦ ਕੀਤਿਆਂ ਨਹੀਂ ਰੀਝਦਾ ਅਤੇ ਨਾ ਹੀ ਵੇਦ-ਪਾਠ ਕੀਤਿਆਂ ਪਤੀਜਦਾ ਹੈ। ਜੇ ਰੀਝਦਾ ਹੈ ਤਾਂ ਕੇਵਲ ਹਿਰਦੇ ਦੀ ਸੁਛਤਾ ਅਤੇ ਨਿਸ਼ਕਪਟਤਾ ਉਤੇ, ਤੇ ਇਹ ਕੁਝ ਪ੍ਰੇਮ ਭਾਵ ਨਾਲ ਨਾਮ ਸਿਮਰਨ ਦੁਆਰਾ ਹੀ ਸੰਭਵ ਹੋ ਸਕਦਾ ਹੈ।

ਅੰਦਰਲੀ (ਹਿਰਦੇ ਦੀ) 'ਸੁਚ' ਕੇਵਲ 'ਸਚ' ਦੁਆਰਾ ਹੀ ਹੋ ਸਕਦੀ ਹੈ ਤੇ 'ਸਚ' ਅੰਦਰ ਤਾਂ ਹੀ ਟਿਕਦਾ ਹੈ ਜੇ 'ਸੁਚ' ਹੋਵੇ। 'ਸਚ' ਅਤੇ 'ਸੁਚ' ਦੋਹਾਂ ਦਾ ਪਰਸਪਰ ਗੂੜ੍ਹਾ ਸੰਬੰਧ ਹੈ।

ਨਾਮ ਸਰਬ-ਸਰੇਸ਼ਟ ਰਸ ਹੈ। ਨਾਮ ਨੂੰ ਵਿਸਾਰ ਕੇ ਮਾਇਕੀ ਰਸ-ਕਸ ਭੋਗਣੇ ਮੂੰਹ ਵਿਚ ਬੁਕਾਂ ਪੈਣ ਸਮਾਨ ਹੀ ਹਨ।

**ਸੂਤਕ**—ਬ੍ਰਾਹਮਣਵਾਦ ਨੇ ਸੰਸਾਰ ਨੂੰ ਸੂਤਕ ਪਾਤਕ ਦੇ ਚਕਰ ਵਿਚ ਉਲਝਾਇਆ ਹੋਇਆ ਹੈ। ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਜੇ ਬ੍ਰਾਹਮਣਵਾਦ ਦੇ ਪ੍ਰਚਾਰੇ ਸੂਤਕ-ਸਿਧਾਂਤ ਨੂੰ ਮੰਨ ਲਈਏ ਤਾਂ ਜੀਉਣਾ ਦੂਭਰ ਹੋ ਜਾਵੇਗਾ, ਕਿਉਂਕਿ ਗੋਹੇ ਅਤੇ ਲਕੜੀ ਵਿਚ ਕੀੜਾ ਹੁੰਦਾ ਹੈ, ਕੀੜੇ ਬਗ਼ੈਰ ਕੋਈ ਅੰਨ ਦਾ ਦਾਣਾ ਹੈ ਈ ਨਹੀਂ। ਪਾਣੀ, ਜੋ ਸੰਸਾਰ ਦੇ ਜੀਵਾਂ ਦਾ ਪ੍ਰਮੁਖ ਜੀਵਨ-ਸਾਧਨ ਹੈ, ਉਹ ਵੀ ਜੀਵ-ਤਤ ਹੈ। ਹਰ ਪਲ ਵਾਹਿਗੁਰੂ ਦੇ ਭਾਣੇ ਵਿਚ ਜੀਵ ਜੰਮਦੇ ਮਰਦੇ ਰਹਿੰਦੇ ਹਨ। ਸਤਿਗੁਰੂ ਜੀ ਨਿਰਣਾ ਕਰਦੇ ਹਨ ਕਿ ਪ੍ਰਭੂ ਦਾ ਬਖ਼ਸ਼ਿਆ ਅੰਨ-ਪਾਣੀ ਸਾਡਾ ਕੁਦਰਤੀ ਰਿਜ਼ਕ ਹੈ, ਜੋ ਪਵਿਤਰ ਹੈ ਤੇ ਇਸ ਦੇ ਖਾਣ ਵਿਚ ਕੋਈ ਸੂਤਕ ਆਦਿ ਨਹੀਂ, ਬਸ਼ਰਤੇ ਕਿ ਇਸ ਨੂੰ ਖਾ ਕੇ ਨਾਮ ਸਿਮਰਨ ਰਾਹੀਂ ਸਫਲ ਕੀਤਾ ਜਾਵੇ, ਨਾ ਕਿ ਬਦਫੈਲੀਆਂ ਕੀਤੀਆਂ ਜਾਣ।

ਇਸ ਪੱਖ ਵਿਚ ਸਤਿਗੁਰੂ ਜੀ ਨੇ ਸਹੀ ਸੇਧ ਦਿਤੀ ਹੈ ਕਿ ਮਨੁਖ ਦੇ ਮਨ ਅਤੇ ਹੋਰ ਇੰਦਰਿਆਂ ਦਾ ਵਿਕਾਰ-ਗ੍ਰਸਤ ਹੋਣਾ ਵਾਸਤਵ ਵਿਚ 'ਸੂਤਕ' ਹੈ। ਇਸ ਸੂਤਕ ਤੋਂ ਛੁਟਕਾਰਾ ਕੇਵਲ ਉਸ ਦਾ ਹੋ ਸਕਦਾ ਹੈ ਜੋ ਸਤਿਗੁਰੂ ਤੋਂ ਸੋਝੀ ਪ੍ਰਾਪਤ ਕਰ ਕੇ ਨਿਰ-ਵਿਕਾਰੀ ਜੀਵਨ ਬਤੀਤ ਕਰੇ।

**ਜਨੇਊ**—ਬ੍ਰਾਹਮਣ ਕੋਲੋਂ ਖਾਸ ਵਿਧੀ ਨਾਲ ਬਣਾਇਆ ਸੂਤਰ ਦਾ ਧਾਗਾ ਗਲੇ ਵਿਚ ਪਾਉਣ ਨੂੰ ਹਿੰਦੂ ਮਤ ਵਿਚ ਜਨੇਊ ਦੀ ਰਸਮ ਆਖਦੇ ਹਨ।

ਸਤਿਗੁਰੂ ਜੀ ਦਾ ਫ਼ੁਰਮਾਨ ਹੈ ਕਿ ਸੂਤਰ ਦਾ ਧਾਗਾ ਤਾਂ ਸਮਾਂ ਪਾ ਕੇ ਮੈਲਾ ਹੋ ਜਾਂਦਾ ਹੈ ਤੇ ਪੁਰਾਣਾ ਹੋਣ ਤੇ ਸੁਟ ਦਿਤਾ ਜਾਂਦਾ ਹੈ, ਜਾਂ ਮਰਨ ਸਮੇਂ ਮਨੁਖ ਦੇ ਨਾਲ ਹੀ ਸਾੜ ਦਿਤਾ ਜਾਂਦਾ ਹੈ। ਇਸ ਤਰ੍ਹਾਂ ਇਹ ਧਾਗਾ ਜਿੰਦ ਦੇ ਨਾਲ ਨਹੀਂ ਨਿਭਦਾ।

ਜਨੇਊ ਪਾ ਕੇ ਜੇ ਮਨੁਖ ਚੋਰੀ ਯਾਰੀ, ਠੱਗੀ ਚੋਰੀ ਕਰੀ ਜਾਵੇ, ਜੀਵਾਂ ਨੂੰ ਵਢ ਵਢ ਖਾਈ ਜਾਵੇ ਤਾਂ ਇਸ ਦਾ ਕੀ ਲਾਭ ? ਸਗੋਂ ਇਹ ਤਾਂ ਉਲਟਾ ਕਪਟ-ਕਰਮ ਹੈ। ਭਲਾ ਸੂਤਰ ਦੇ ਜਨੇਊ ਦਾ ਕੀ ਅਰਥ, ਜੇ ਵਖ ਵਖ ਇੰਦਰੇ ਵਿਕਾਰਾਂ ਵਿਚ ਫਸ ਕੇ ਮਨੁੱਖ ਦੀ ਪਤ ਰੋਲੀ ਫਿਰਨ ! ਸਤਿਗੁਰੂ ਜੀ ਨੇ ਦਇਆ ਦੀ ਕਪਾਹ, ਸੰਤੋਖ ਦਾ ਸੂਤ, ਜਤ ਦੀਆਂ ਗੰਢਾਂ ਤੇ ਸਤ ਦੇ ਵਟ ਵਾਲਾ ਅਸਲੀ ਜਨੇਊ ਦਸ ਕੇ ਇਹਨਾਂ ਦੈਵੀ ਗੁਣਾਂ ਦੇ ਧਾਰਨ ਕਰਨ ਦੀ ਪ੍ਰੇਰਨਾ ਦਿਤੀ ਹੈ। ਨਾਮ ਸਿਮਰਨ ਅਥਵਾ ਸਿਫਤ ਸਲਾਹ ਰੂਪ ਜਨੇਊ ਨੂੰ ਜੀਵ ਲਈ ਲੋਕ ਪਰਲੋਕ ਵਿਚ ਕਲਿਆਣਕਾਰੀ ਦਸਿਆ ਹੈ।

**ਸਦਾਚਾਰਕ ਅਤੇ ਸਮਾਜਕ ਸੇਧ**

(ੳ) **ਚੰਗਾ ਮਦਾ**—ਸ੍ਰਿਸ਼ਟੀ ਦੇ ਸਾਰੇ ਜੀਵ ਪ੍ਰਭੂ ਦੇ ਪੈਦਾ ਕੀਤੇ ਹੋਏ ਹਨ। ਪ੍ਰਭੂ ਸਾਰਿਆਂ ਦੀ ਸਾਰ ਸੰਭਾਲ ਕਰਦਾ ਹੈ। ਕਿਸੇ ਦੇ ਹੱਥ-ਵਸ ਕੁਝ ਨਹੀਂ, ਸਾਰੇ ਜੀਵ ਪ੍ਰਭੂ ਦੇ ਨਚਾਏ ਨਚਦੇ ਹਨ। ਕੋਈ ਅਮੀਰ ਹੈ ਕੋਈ ਗਰੀਬ, ਕੋਈ ਸੁਖੀ ਹੈ ਕੋਈ ਦੁਖੀ, ਇਹ ਸਭ ਚੋਜੀ ਪ੍ਰਭੂ ਦੀ ਆਪਣੀ ਖੇਡ ਹੈ। ਜੇ ਅਜਿਹਾ ਹੈ ਤਾਂ ਫਿਰ ਕਿਸੇ ਨੂੰ ਮੰਦਾ ਕਿਉਂ ਆਖੀਏ ?


www.AKJ.Org

**(ਅ) ਮਿਠਤ ਤੇ ਨਿਮਰਤਾ**–ਕਿਸੇ ਨੂੰ ਫਿਕਾ ਬੋਲਣ ਨਾਲ ਤਨ ਅਤੇ ਮਨ ਦੋਵੇਂ ਫਿਕੇ ਹੋ ਜਾਂਦੇ ਹਨ। ਫਿਕਾ ਬੋਲਣ ਵਾਲੇ ਨੂੰ ਮੂਰਖ ਕਿਹਾ ਗਿਆ ਹੈ ਅਤੇ ਉਸ ਲਈ ਜੁੱਤੀਆਂ ਦੀ ਸਜ਼ਾ ਨਿਸਚਿਤ ਹੈ। ਫਿਕਾ ਬੋਲਣ ਦੀ ਵਾਦੀ ਵਾਲੇ ਮਨੁਖ ਨਾਲ ਕੋਈ ਗੱਲ ਕਰਨੀ ਪਸੰਦ ਨਹੀਂ ਕਰਦਾ।

ਮਿਠਤ ਅਤੇ ਨਿਮਰਤਾ ਗੁਣਾਂ ਅਤੇ ਚੰਗਿਆਈਆਂ ਦਾ ਤਤ-ਸਾਰ ਹਨ। ਨਿਮਰਤਾ ਦਾ ਧਾਰਨੀ ਮਨੁਖ ਹੀਣਾ ਨਹੀਂ, ਸਗੋਂ ਗੌਰਵਤਾ ਵਾਲਾ ਹੁੰਦਾ ਹੈ। ਮਨ ਕਰਕੇ ਨਿਮਰਤਾ ਕਲਿਆਣਕਾਰੀ ਹੈ, ਪਰ ਨਿਰੇ ਵਿਖਾਵੇ ਦੀ ਨਿਮਰਤਾ ਉਸ ਸ਼ਿਕਾਰੀ ਵਾਂਗ ਹੈ ਜੋ ਜੀਵਾਂ ਦਾ ਸ਼ਿਕਾਰ ਕਰਨ ਵੇਲੇ ਨਿਸ਼ਾਨਾ ਬੰਨ੍ਹਣ ਲਈ ਨੀਵਾਂ ਹੁੰਦਾ ਹੈ।

**(ੲ) ਇਸਤ੍ਰੀ ਜਾਤੀ**–ਜਾਤ ਅਤੇ ਨਸਲ ਦੇ ਅਧਾਰ ਤੇ ਕੋਈ ਉਚਾ ਜਾਂ ਨੀਵਾਂ ਨਹੀਂ। ਪੁਰਸ਼ ਅਤੇ ਇਸਤ੍ਰੀ ਦਵੇਂ ਪ੍ਰਭੂ ਦੇ ਬਣਾਏ ਹੋਏ ਹਨ। ਫਿਰ ਇਸਤ੍ਰੀ ਨੂੰ ਮੰਦਾ ਕਿਉਂ ਆਖਿਆ ਜਾਏ, ਜੋ ਪੀਰਾਂ ਪੈਗੰਬਰਾਂ ਅਤੇ ਰਾਜਿਆਂ ਮਹਾਰਾਜਿਆਂ ਦੀ ਜਣਨੀ ਹੈ ਤੇ ਜਿਸ ਤੋਂ ਬਗ਼ੈਰ ਪੁਰਸ਼, ਜੀਵਨ ਵਿਚ ਅਧੂਰਾ-ਪਨ ਮਹਿਸੂਸ ਕਰਦਾ ਹੈ।

**(ਸ) ਪਖੰਡ**–ਧਰਮ ਦੇ ਨਾਂ ਤੇ ਕੀਤੇ ਕੰਮ ਜੇ ਮਨ ਨੂੰ ਨਿਰਮਲ ਕਰਨ, ਵਿਕਾਰਾਂ ਵਲੋਂ ਹਟਾ ਕੇ ਪ੍ਰਭੂ ਨਾਲ ਜੋੜਨ ਵਿਚ ਸਹਾਈ ਹੋਣ ਤਾਂ ਇਹ ਧਰਮ-ਕਰਮ ਕਹੇ ਜਾ ਸਕਦੇ ਹਨ, ਪਰ ਇਸ ਖ਼ੂਬੀ ਤੋਂ ਸਖਣੇ ਕਰਮ ਫੋਕਟ-ਕਰਮ ਹੁੰਦੇ ਹਨ ਅਤੇ ਇਹਨਾਂ ਨੂੰ ਕਰਮ-ਕਾਂਡ ਕਿਹਾ ਜਾਂਦਾ ਹੈ।

ਸਤਿਗੁਰਾਂ ਨੇ ਸ੍ਰੀ ਆਸਾ ਦੀ ਵਾਰ ਵਿਚ ਮਨੁੱਖ ਨੂੰ ਫੋਕਟ ਅਥਵਾ ਪਖੰਡ-ਕਰਮਾਂ ਤੋਂ ਵਰਜਿਆ ਹੈ। ਅਜਿਹੇ ਪਖੰਡ-ਕਰਮਾਂ ਨਾਲ ਹਿਰਦਾ ਮੈਲਾ ਹੁੰਦਾ ਹੈ ਤੇ ਸਮਾਜ ਵਿਚ ਭ੍ਰਸ਼ਟਾਚਾਰ ਵਧਦਾ ਹੈ। ਕਰਤਾ ਪੁਰਖ ਤਾਂ ਅੰਤਰਜਾਮੀ ਹੈ, ਧੋਖੇ ਵਿਚ ਆ ਨਹੀਂ ਸਕਦਾ, ਮਨੁਖਤਾ ਨਾਲ ਕੀਤਾ ਧੋਖਾ ਪਾਪ ਹੈ। ਪਰ ਧਰਮ ਦੇ ਪਰਦੇ ਹੇਠ ਪਾਪ-ਕਰਮ ਕਰਨ ਨਾ-ਬਖਸ਼ੇ ਜਾਣ ਵਾਲਾ ਅਪਰਾਧ ਹੈ।

**(ਹ) ਸੁਕ੍ਰਿਤ ਕਰਣੀ**–ਮਨੁਖ ਨੂੰ ਸੁਚੀ ਕਿਰਤ ਕਰ ਕੇ ਆਪਣਾ ਨਿਰਬਾਹ ਕਰਨਾ ਚਾਹੀਦਾ ਹੈ ਅਤੇ ਉਸ ਵਿਚੋਂ ਵੀ ਲੋੜਵੰਦਾਂ ਨਾਲ ਵੰਡ ਕੇ ਛਕਣਾ ਬਣਦਾ ਹੈ। ਲੁਟ-ਘਸੁਟ ਦੀ ਕਮਾਈ ਵਿਚੋਂ ਪਿਤਰਾਂ ਨਮਿਤ ਕੀਤਾ ਦਾਨ ਕਿਸ ਅਰਥ ? ਅਜਿਹਾ ਚੋਰੀ ਦਾ ਦਾਨ ਤਾਂ ਪਿਤਰਾਂ ਨੂੰ ਸਗੋਂ ਚੋਰ ਬਣਾ ਕੇ ਉਹਨਾਂ ਦੀ ਨਮੋਸ਼ੀ ਦਾ ਕਾਰਨ ਬਣੇਗਾ। ਫਿਰ ਇਹ ਚੋਰੀ ਦਾ ਮਾਲ ਪਿਤਰਾਂ ਨੂੰ ਅਪੜਾਉਣ ਦੇ ਬਹਾਨੇ ਆਪ ਹੜੱਪ ਕਰਨ ਵਾਲੇ ਬ੍ਰਾਹਮਣ-ਦਲਾਲ ਦੇ ਹਥ ਵੀ ਵਢੇ ਜਾਣਗੇ, ਇਹ ਧਰਮ-ਨਿਆਂ ਜ਼ਰੂਰ ਵਰਤੇਗਾ।

**(ਕ) ਵਿਦਿਆ**–ਵਿਦਿਆ ਨੂੰ ਮਨੁਖ ਦਾ ਤੀਜਾ ਨੇਤਰ ਮੰਨਿਆ ਗਿਆ ਹੈ। ਵਿਦਿਆ ਪ੍ਰਾਪਤ ਕਰਕੇ ਇਸ ਗਿਆਨ-ਚਰਾਗ ਦੇ ਚਾਨਣੇ ਵਿਚ ਚਲਣ ਨਾਲ ਮਨੁਖ ਠੇਡਿਆਂ ਤੋਂ ਬਚਿਆ ਰਹਿੰਦਾ ਹੈ। ਵਿਦਿਆ ਕੇਵਲ ਪੜ੍ਹਨਾ ਕਾਫੀ ਨਹੀਂ, ਇਸ ਨੂੰ ਗੁੜਨ (ਬੁਝਣ) ਦੀ ਮਹਾਨਤਾ ਕਿਤੇ ਵਧੇਰੇ ਹੈ।

ਉਹ ਮਨੁੱਖ ਕਾਹਦਾ ਪੜ੍ਹਿਆ, ਜੋ ਅਹੰਕਾਰ ਦੀ ਛਟ ਸਿਰ ਤੇ ਚੁਕੀ ਫਿਰੇ ? ਸੱਚੀ ਵਿਦਿਆ ਉਹ ਹੈ ਜਿਸ ਤੋਂ ਕਰਤਾ ਪੁਰਖ ਦਾ ਗਿਆਨ ਹੋਵੇ। ਇਸ ਅਧਿਆਤਮਕ ਵਿਦਿਆ ਤੋਂ ਸਖਣੀ ਹੋਰ ਪੜ੍ਹਾਈ ਨਿਰੀ ਝਾਖ ਝਖਾਈ ਹੈ। ਪੜ੍ਹੇ ਹੋਏ ਗੁਨਾਹਗਾਰ ਮਨੁਖ ਤੋਂ ਅਨਪੜ੍ਹ ਸਾਧ ਕਿਤੇ ਚੰਗਾ ਹੈ।

# ਪ੍ਰਸ਼ਨੋਤਰੀ

੧. ਪ੍ਰਸ਼ਨ :–ਸ੍ਰੀ ਆਸਾ ਦੀ ਵਾਰ ਕੀ ਹੈ ? ਇਸ ਦੀ ਬਣਤਰ ਕਿਵੇਂ ਹੈ ?

ਉੱਤਰ :–( i ) ਜਿਵੇਂ ਇਸ ਦੇ ਨਾਂ ਤੋਂ ਪ੍ਰਗਟ ਹੈ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਸਾ ਰਾਗ ਦੀ ਵਾਰ ਹੈ।

( ii ) ਇਸ ਵਾਰ ਵਿਚ ਪਉੜੀਆਂ, ਸਲੋਕ ਅਤੇ ਛੰਤ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :–

| | | | | | |
|---|---|---|---|---|---|
| ਪਉੜੀਆਂ | ਮ: ੧ | ੨੪ | ਸਲੋਕ | ਮ: ੧ | ੪੪ |
| ਸਲੋਕ | ਮ: ੨ | ੧੫ | ਛੰਤ | ਮ: ੪ | ੨੪ |

[ਚਾਰ ਚਾਰ ਪਦਿਆਂ ਵਾਲੇ ਛੰਤਾਂ ਦਾ ਇਕ ਛਕਾ]

ਨੋਟ:–ਛੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਾਰ ਦੇ ਨਾਲ ਦਰਜ ਨਹੀਂ ਹਨ। ਇਹ ਆਸਾ ਰਾਗ ਵਿਚ


www.AKJ.Org

ਮ: ੪ ਘਰ ੪ ਦੇ ਛੰਤ ਹਨ, ਜੋ ਛੰਤਾਂ ਵਿਚ ਆਪਣੀ ਥਾਵੇਂ ਦਰਜ ਹਨ। ਪੰਥਕ ਰਵਾਇਤ ਮੁਜਬ ਇਹਨਾਂ ਛੰਤਾਂ ਦਾ ਇਕ ਇਕ ਪਦਾ ਵਾਰ ਨਾਲ ਸੰਮਿਲਤ ਕਰਕੇ ਗਾਇਨ ਕੀਤਾ ਜਾਂਦਾ ਹੈ।

ਪ੍ਰਸ਼ਨ :—ਆਸਾ ਦੀ ਵਾਰ ਦਾ ਖਾਲਸਾ ਰਹਿਤ ਨਾਲ ਕੀ ਸੰਬੰਧ ਹੈ ?

੨. ਉਤਰ :—ਆਸਾ ਦੀ ਵਾਰ ਅੰਮ੍ਰਿਤ ਸੰਸਕਾਰ ਨਾਲ ਸੰਬੰਧਤ ਨਿਤ-ਨੇਮ ਦੀਆਂ ਬਾਣੀਆਂ ਵਿਚ ਤਾਂ ਨਹੀਂ ਆਉਂਦੀ, ਪਰ ਪੰਥਕ ਰਵਾਇਤ ਮੁਜਬ ਇਸ ਬਾਣੀ ਦਾ ਨੇਮ ਨਾਲ ਹਰ ਗੁਰਦੁਆਰੇ ਵਿਚ ਅੰਮ੍ਰਿਤ ਵੇਲੇ ਗਾਇਨ ਕਰਨ ਦਾ ਵਿਧਾਨ ਹੈ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਹ ਨੇਮ ਜੰਗ ਜੁਧ ਦੇ ਸਮੇਂ ਵੀ ਨਿਭਾਇਆ, ਭਾਵੇਂ ਮੁਗ਼ਲ ਫੌਜ ਸਰਗਰਮੀ ਨਾਲ ਆਪ ਦਾ ਪਿਛਾ ਕਰਦੀ ਆ ਰਹੀ ਸੀ।

੩. ਪ੍ਰਸ਼ਨ :—ਆਸਾ ਦੀ ਵਾਰ ਦੇ ਅੰਤਮ ਛੰਤ ਵਿਚ ਸੰਕੇਤ ਹੈ ਕਿ ਵਾਹਿਗੁਰੂ ਭਗਤਾਂ ਦੀ ਪੈਜ ਹਰੇਕ ਜੁਗ ਵਿਚ ਰਖਦਾ ਆਇਆ ਹੈ। ਇਸ ਦਾ ਕਾਰਨ ਆਸਾ ਦੀ ਵਾਰ ਦੀਆਂ ਪੰਗਤੀਆਂ ਦੀ ਪੁਸ਼ਟੀ ਸਹਿਤ ਦਸੋ।

ਉਤਰ—ਭਗਤ ਵਾਹਿਗੁਰੂ ਨੂੰ ਪਿਆਰੇ ਲਗਦੇ ਹਨ, ਕਿਉਂਜੁ ਉਹ ਵਾਹਿਗੁਰੂ ਦੀ ਸਿਫਤ ਸਲਾਹ ਕਰ ਕੇ ਨਿਰੰਤਰ ਉਸ ਨਾਲ ਜੁੜੇ ਰਹਿੰਦੇ ਹਨ :—

(ੳ) ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਪਉੜੀ ੯

(ਅ) ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥ ਸਲੋਕ ੧, ੬

੪. ਪ੍ਰਸ਼ਨ :—ਸ੍ਰੀ ਆਸਾ ਦੀ ਵਾਰ ਵਿਚੋਂ ਪੰਜ ਅਜਿਹੀਆਂ ਪੰਗਤੀਆਂ ਲਿਖੋ, ਜੋ ਮੁਹਾਵਰੇ ਦੇ ਤੌਰ ਤੇ ਵਰਤੀਆਂ ਜਾਂਦੀਆਂ ਹਨ :—

ਉਤਰ :—(ੳ) ਸੁਚਿ ਹੋਵੈ ਤਾ ਸਚੁ ਪਾਈਐ ॥ਸਲੋਕ ੨, ੧੬ (ਅ) ਮਤਿ ਥੋੜੀ ਸੇਵ ਗਵਾਈਐ ॥ ੧੦, ਪਉੜੀ
(ੲ) ਮੂਰਖੈ ਨਾਲਿ ਨ ਲੁਝੀਐ ॥ ੧੯, ਪਉੜੀ (ਸ) ਕਿਛੁ ਲਾਹੇ ਉਪਰਿ ਘਾਲੀਐ॥੨੧, ਪਉੜੀ
(ਹ) ਕਰਿ ਅਉਗਣ ਪਛੋਤਾਵਣਾ ॥੧੪,ਪਉੜੀ (ਕ)...ਨਿਵੈ ਸੁ ਗਉਰਾ ਹੋਇ ॥ਸਲੋਕ ੧, ੧੪
(ਖ) ਕੋ ਰਹੈ ਨ ਭਰੀਐ ਪਾਈਐ ॥੫,ਪਉੜੀ (ਗ) ਮੁਹਿ ਚਲੈ ਸੁ ਅਗੈ ਮਾਰੀਐ ॥੧੨,ਪਉੜੀ

੫. ਪ੍ਰਸ਼ਨ :—ਸ੍ਰੀ ਆਸਾ ਦੀ ਵਾਰ ਦਾ ਮਹਾਵਾਕ ਹੈ—

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥ ਪਉੜੀ, ੬

ਸ੍ਰੀ ਆਸਾ ਦੀ ਵਾਰ ਵਿਚੋਂ ਪੰਗਤੀਆਂ ਦੇ ਕੇ ਸਿਧ ਕਰੋ ਕਿ—(ੳ) ਗੁਰੂ ਨਾਲ ਮਿਲਾਪ ਕਿਉਂ ਜ਼ਰੂਰੀ ਹੈ ? (ਅ)ਗੁਰੂ ਦੇ ਮਿਲਾਪ ਨਾਲ ਜੀਵ ਨੂੰ ਕੀ ਕੁਝ ਪ੍ਰਾਪਤ ਹੁੰਦਾ ਹੈ ?

ਉਤਰ—(ੳ) ਮਨੁਖ ਦੇ ਅੰਦਰ ਅਗਿਆਨਤਾ ਦਾ ਅੰਨ੍ਹੇਰਾ ਹੈ, ਜੋ ਸੈਂਕੜੇ ਹਜ਼ਾਰਾਂ ਚੰਦ ਸੂਰਜ ਹੋਣ ਦੇ ਬਾਵਜੂਦ 'ਗੁਰੂ' ਬਗੈਰ ਦੂਰ ਨਹੀਂ ਹੁੰਦਾ :—

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ਸਲੋਕ ੨, ੧

(ਅ) ( i ) ਗੁਰੂ ਨੂੰ ਮਿਲਿਆਂ 'ਗਿਆਨ' ਰੂਪ ਦੀਵਾ ਅੰਦਰ ਜਗ ਉਠਦਾ ਹੈ, ਜਿਸ ਦੀ ਬਰਕਤ ਨਾਲ ਅਗਿਆਨਤਾ ਦਾ ਅੰਨ੍ਹੇਰਾ ਮਿਟ ਜਾਂਦਾ ਹੈ :—

ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥ ਛਕਾ, ਪਉੜੀ ੧੪

( ii ) ਗੁਰੂ ਦੇ ਮਿਲਾਪ ਨਾਲ ਜੀਵ ਨੂੰ ਗੁਰੂ ਤੋਂ 'ਨਾਮ' ਮਿਲਦਾ ਹੈ, ਜਿਸ ਦੇ ਸਿਮਰਨ ਨਾਲ ਜੀਵ ਦੀ ਤ੍ਰਿਸ਼ਨਾ-ਭੁਖ ਮਿਟ ਜਾਂਦੀ ਹੈ ਅਤੇ ਜਮਾਂ ਦਾ ਡਰ ਮੁਕ ਜਾਂਦਾ ਹੈ :—

ਜਿਨ੍ਹਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥
ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥



www.AKJ.Org

ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥ ਛਕਾ, ਪਉੜੀ ੨੧

(iii) ਨਾਮ-ਅੰਮ੍ਰਿਤ ਦਾ ਖ਼ਜ਼ਾਨਾ ਕੇਵਲ ਸਤਿਗੁਰੂ-ਸ਼ਾਹ ਪਾਸ ਹੈ ਤੇ ਇਹ ਸਤਿਗੁਰੂ ਤੋਂ ਕੇਵਲ ਸਚੇ ਸ਼ਰਧਾਵਾਨ ਸਿੱਖਾਂ ਨੂੰ ਮਿਲਦਾ ਹੈ:–

ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ ॥
ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ ॥ ਛਕਾ, ਪਉੜੀ ੯

(iv) ਸਤਿਗੁਰੂ ਦਾ ਸਰੂਪ ਅੰਮ੍ਰਿਤ-ਭਿੰਨਾ ਹੈ, ਜੋ ਜਗਿਆਸੂ ਸਿਖਾਂ ਦੇ ਅੰਦਰ ਅੰਮ੍ਰਿਤ ਸਿੰਜ ਦਿੰਦਾ ਹੈ। ਫਿਰ ਗੁਰਮੁਖਿ ਆਯੂ ਪ੍ਰਯੰਤ ਗੁਰੂ ਦੀ ਬਾਣੀ ਦੁਆਰਾ ਅੰਮ੍ਰਿਤ ਪੀਂਦਾ ਰਹਿੰਦਾ ਹੈ। ਗੁਰਬਾਣੀ ਨਾਲ ਪ੍ਰੇਮ ਕੀਤਿਆਂ ਗੁਰੂ ਪ੍ਰਸੰਨ ਹੁੰਦਾ ਹੈ ਤੇ ਹਰੀ-ਪ੍ਰਭੂ ਨਾਲ ਮਿਲਾਪ ਕਰਾ ਦਿੰਦਾ ਹੈ। ਇਸ ਤਰ੍ਹਾਂ ਜੀਵ ਸੰਸਾਰ ਦੇ ਅਤੇ ਜਮਾਂ ਦੇ ਧਕੇ ਧੋੜਿਆਂ ਤੋਂ ਬਚ ਜਾਂਦਾ ਹੈ :–

ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ ॥
ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ ॥
ਗੁਰਿ ਤੁਠੈ ਹਰਿ ਪਾਇਆ ਚੂਕੇ ਧਕ ਧਕੇ ॥
ਹਰਿ ਜਨ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ ॥ ਛਕਾ, ਪਉੜੀ ੮

(v) ਸਤਿਗੁਰੂ ਬੋਹਿਥਾ ਹੈ, ਜੋ ਜੀਵਾਂ ਨੂੰ ਭਵ-ਸਾਗਰ ਤੋਂ ਪਾਰ ਕਰਦਾ ਹੈ :–

ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥ ਪਉੜੀ ੧੩

੬. ਪ੍ਰਸ਼ਨ :–ਬ੍ਰਾਹਮਣੀ ਮਤ ਦੇ ਪ੍ਰਚਾਰੇ 'ਸੂਤਕ' ਤੋਂ ਕੀ ਭਾਵ ਹੈ ? ਕੀ ਸਤਿਗੁਰਾਂ ਨੇ ਇਸ ਨੂੰ ਪ੍ਰਵਾਨ ਕੀਤਾ ਹੈ ? ਜੇ ਨਹੀਂ ਤਾਂ ਕਿਉਂ ? ਸਤਿਗੁਰਾਂ ਨੇ ਕਿਸ ਨੂੰ ਸੂਤਕ ਮੰਨਿਆ ਹੈ ? ਸੂਤਕ ਤੋਂ ਛੁਟਕਾਰਾ ਕਿਵੇਂ ਮਿਲੇ ? ਉਤਰ ਸੰਖੇਪ ਵਿਚ ਦੇ ਕੇ ਉਸਦੀ ਪੁਸ਼ਟੀ ਸ੍ਰੀ ਆਸਾ ਦੀ ਵਾਰ ਦੀਆਂ ਤੁਕਾਂ ਨਾਲ ਕਰੋ।

ਉਤਰ:–(ੳ) ਬ੍ਰਾਹਮਣੀ ਮਤ ਅਨੁਸਾਰ 'ਸੂਤਕ' ਤੋਂ ਭਾਵ ਹੈ ਜੀਵਾਂ ਦੇ ਜੰਮਣ ਨਾਲ ਹੋਈ ਅਪਵਿਤਰਤਾ। ਜੀਵਾਂ ਦੇ ਮਰਨ ਤੋਂ ਹੋਈ ਅਪਵਿਤਰਤਾ ਨੂੰ 'ਪਾਤਕ' ਆਖਦੇ ਹਨ।

(ਅ) ਸਤਿਗੁਰਾਂ ਨੇ ਬ੍ਰਾਹਮਣੀ ਮਤ ਦਾ ਦਸਿਆ ਸੂਤਕ ਪ੍ਰਵਾਨ ਨਹੀਂ ਕੀਤਾ। ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਜੇ ਇਹ ਸੂਤਕ ਮੰਨ ਲਈਏ ਤਾਂ ਜੀਉਣਾ ਦੁਭਰ ਹੋ ਜਾਵੇਗਾ, ਕਿਉਂਜੁ ਗੋਹੇ, ਲਕੜੀ, ਪਾਣੀ, ਅੰਨ-ਦਾਣੇ, ਇਹਨਾਂ ਸਭਨਾਂ ਵਿਚ ਜੀਵ ਹਨ। ਅੰਨ-ਪਾਣੀ ਸੇਵਨ ਤੋਂ ਬਗ਼ੈਰ ਜੀਉਣਾ ਅਸੰਭਵ ਹੈ, ਇਹ ਜੀਵ ਦਾ ਕੁਦਰਤੀ ਅਹਾਰ ਅਤੇ ਅਧਾਰ ਹਨ। ਸੂਤਕ ਅੰਨ ਪਾਣੀ ਤਿਆਗਣ ਨਾਲ ਨਹੀਂ, ਗੁਰੂ-ਗਿਆਨ ਦੁਆਰਾ ਮਿਟਦਾ ਹੈ :–

ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥ ਸਲੋਕ ੧, ੧੮

(ੲ) ਸਤਿਗੁਰੂ ਜੀ ਗਿਆਨ ਬਖਸ਼ਦੇ ਹਨ ਕਿ ਇਹ ਸੂਤਕ ਨਿਰਾ ਭਰਮ ਹੈ ਜੋ ਦ੍ਵੈਤ ਭਾਵ ਵਿਚ ਫਸੇ ਮਨੁਖਾਂ ਨੂੰ ਲਗਦਾ ਹੈ। ਵਾਹਿਗੁਰੂ ਦੇ ਹੁਕਮ ਵਿਚ ਹਰ ਛਿਨ ਜੀਵ ਜੰਮਦੇ ਮਰਦੇ ਰਹਿੰਦੇ ਹਨ। ਅੰਨ-ਪਾਣੀ ਵਾਹਿਗੁਰੂ ਵਲੋਂ ਬਖ਼ਸ਼ਿਆ ਕੁਦਰਤੀ ਪਵਿਤਰ ਅਹਾਰ ਹੈ, ਜਿਸ ਨੂੰ ਸੇਵਨ ਕਰਨ ਨਾਲ ਜੀਵਨ-ਸਤਾ ਕਾਇਮ ਰਹਿੰਦੀ ਹੈ। ਜਿਨ੍ਹਾਂ ਨੂੰ ਗੁਰੂ ਨੇ ਇਹ ਸੋਝੀ ਦਿਤੀ ਹੈ ਉਹਨਾਂ ਨੂੰ ਕੋਈ ਸੂਤਕ ਨਹੀਂ ਚਿੰਬੜਦਾ :–

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥

ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥ ਸਲੋਕ ੩, ੧੮

ਸਤਿਗੁਰਾਂ ਦੇ ਮਤ ਅਨੁਸਾਰ ਹਰੇਕ ਵਿਕਾਰ ਸੂਤਕ ਹੈ–ਮਨ ਦਾ ਸੂਤਕ ਲੋਭ ਹੈ, ਜੀਭ ਦਾ ਕੂੜ, ਅੱਖਾਂ ਦਾ ਪਰ-ਦ੍ਰਿਸ਼ਟ, ਕੰਨਾਂ ਦਾ ਨਿੰਦਿਆ ਚੁਗਲੀ ਆਦਿ, ਅਤੇ ਇਹਨਾਂ ਵਿਕਾਰਾਂ ਦੇ ਢਹੇ ਚੜ੍ਹੇ ਹੰਸਲੇ ਮਨੁਖ ਜਮ-ਪੁਰੀ ਪਧਾਰਦੇ ਹਨ :–

ਮਨ ਕਾ ਸੂਤਕ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰਤ੍ਰਿਅ ਪਰਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ ॥ ਸਲੋਕ ੨, ੧੮

(ਸ) ਸੂਤਕ ਤੋਂ ਜੀਵ ਦਾ ਛੁਟਕਾਰਾ ਕੇਵਲ ਓਦੋਂ ਹੁੰਦਾ ਹੈ ਜਦੋਂ ਉਹ ਪੂਰਨ ਸਤਿਗੁਰੂ ਦੀ ਸ਼ਰਨ ਪੈਂਦਾ ਹੈ ਅਤੇ ਉਸਨੂੰ ਸਤਿਗੁਰੂ ਤੋਂ ਸੋਝੀ ਪ੍ਰਾਪਤ ਹੁੰਦੀ ਹੈ :–
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥ ਸਲੋਕ ੩, ੧੮

੭. ਪ੍ਰਸ਼ਨ :–ਹੇਠ ਲਿਖੀਆਂ ਪੁਛਾਂ ਦਾ ਉਤਰ ਸ੍ਰੀ ਆਸਾ ਦੀ ਵਾਰ ਦੀਆਂ ਪੰਗਤੀਆਂ ਰਾਹੀਂ ਦਿਓ :–

(ੳ) ਜੀਵਨ ਦੀ ਬਾਜ਼ੀ ਜਿਤ ਕੇ ਕੌਣ ਜਾਂਦੇ ਹਨ ? (ਅ) ਕਰਾਮਾਤ ਕੀ ਹੈ ? (ੲ) ਮਨ ਤੇ ਤਨ ਨੂੰ ਬੇਸੁਆਦਾ ਕਰਨ ਵਾਲਾ ਕਿਹੜਾ ਮੰਦਾ ਕਰਮ ਹੈ ? (ਸ) ਕਿਹੜੀ ਵਸਤੂ ਹੈ ਜੋ ਰੋਗ ਵੀ ਹੈ ਤੇ ਦਾਰੂ ਵੀ ? (ਹ) ਗੁਣਾਂ ਤੇ ਚੰਗਿਆਈਆਂ ਵਿਚੋਂ ਸ੍ਰੇਸ਼ਟ ਗੁਣ ਕਿਹੜਾ ਹੈ ?(ਕ) ਕਲਜੁਗ ਦਾ ਰੱਥ ਕਿਹੜਾ ਹੈ ਤੇ ਰੱਥਵਾਨ ਕੌਣ ? (ਖ) ਸੁਚੇ ਕੌਣ ਹਨ ? (ਗ) ਦਰਗਾਹ ਵਿਚ ਮੂੰਹ ਕਾਲਾ ਕਿਸ ਦਾ ਕੀਤਾ ਜਾਵੇਗਾ ? (ਘ) ਅੰਦਰ ਵਿਗਾਸ ਕਿਵੇਂ ਹੋਵੇ ? (ਙ) ਧਕੇ ਧੋੜੇ ਕਿਵੇਂ ਮੁਕਣ ?

ਉਤਰ:–(ੳ) ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥ ਪਉੜੀ ੨
(ਅ) ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥ ਸਲੋਕ ੧, ੨੩
(ੲ) ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਸਲੋਕ ੧, ੨੦
(ਸ) ਹਉਮੈ ਦੀਰਘੁ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਸਲੋਕ ੨, ੭
(ਹ) ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ ਸਲੋਕ ੧, ੧੪
(ਕ) ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥ ਸਲੋਕ ੧, ੧੩
(ਖ) ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥ ਸਲੋਕ ੨, ੧੭
(ਗ) ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ॥ ਪਉੜੀ ੨
(ਘ) ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥ ਸਲੋਕ ੩, ੨੨
(ਙ) ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ ॥
ਗੁਰਿ ਤੁਠੈ ਹਰਿ ਪਾਇਆ ਚੂਕੇ ਧਕ ਧਕੇ ॥ ਛਕਾ, ਪਉੜੀ ੯

੮. ਪ੍ਰਸ਼ਨ :–ਹੇਠ ਲਿਖੇ ਪਦਾਂ ਦੇ ਅਰਥ ਲਿਖੋ :–

ਓਮੀ, ਲਾਇਤਬਾਰੀ, ਸਰਾਇਰਾ, ਕੁਹਥੀ, ਮੋਹਾਕਾ, ਹੁਰਮਤਿ, ਸਾਖਤੀ, ਫੇੜ, ਮੇਦਨੀ, ਪਾਣਾ, ਫੇਲੁ ਨਾਹ, ਮੁਸਫੀ, ਜੋਰੂ, ਜੇਵਿਆ ।

ਉਤਰ:–ਅਰਥ ਇਸ ਪ੍ਰਕਾਰ ਹਨ :–

ਅਨਪੜ੍ਹ ਮਨੁਖ, ਚੁਗਲੀ, ਸਿਧਾ, ਗੰਦੀ, ਠਗ, ਇੱਜ਼ਤ, ਬਨਾਵਟ, ਮੰਦੇ ਕੰਮ, ਸ੍ਰਿਸ਼ਟੀ, ਜੁੱਤੀਆਂ, ਵਿਖਾਵਾ, ਖਸਮ, ਨਿਆਉਂ, ਇਸਤ੍ਰੀ, ਖਾਧਾ ।

---



**ਕਥਾ ਕੀਰਤਨ**–ਭਾ:ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ ਨਵੀਂ ਛਾਪ ਸੁੰਦਰ ਰੂਪ ਵਿਚ ਛਪ ਗਈ ਹੈ । ਭੇਟਾ ੧੫-੦੦

www.AKJ.Org

**ਰਿਸ਼ਤੇ ਨਾਤੇ**–ਨੋਟ : (੧) ਚਿਠੀ ਵਾਲੇ ਲਫ਼ਾਫ਼ੇ ਤੇ ਪਤਾ ਲਿਖੋ---ਫ਼ਾਰਮ ਨੰ:......c/o ਸੂਰਾ, ਦਸ਼ਮੇਸ਼ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ (੨) ਕੇਵਲ ਅੰਮ੍ਰਿਤਧਾਰੀ ਤੇ ਸਾਕਹਾਰੀ ਬੱਚਿਆਂ ਲਈ ਲਿਖੋ ।'(੩)ਰਿਸ਼ਤੇ ਨਾਤੇ ਦੇ ਫ਼ਾਰਮ ਦਫ਼ਤਰ ਸੂਰਾ ਮਾਸਕ ਪੱਤਰ ਤੋਂ ਟਿਕਟ ਲਗਾ ਲਫ਼ਾਫ਼ਾ ਭੇਜ ਕੇਮੁਫ਼ਤ ਮੰਗਾਓ ।

ਫ਼ਾਰਮ ਨੰ: ੩੯੯--ਸਾਢੇ ੨੧ ਸਾਲਾ ਬੀਬੀ, ਸਿਹਤ ਦਰਮਿਆਨੀ, ਬੀ.ਐਸ.ਸੀ. ਅਖੰਡਪਾਠੀ, ਕੀਰਤਨੀ, ਲਈ ਯੋਗ ਵਰ ਦੀ ਲੋੜ ।

ਫ਼ਾਰਮ ਨੰ: ੪੦੦—ਸਾਢੇ ੨੦ ਸਾਲਾ ਬੀਬੀ, ਕੱਦ ੫'-੧'' ਐਮ.ਏ.ਪ੍ਰੀਵੀਅਸ(ਪੜ੍ਹ ਰਹੀ ਹੈ), ਲਈ ਯੋਗ ਵਰ ਦੀ ਲੋੜ।

ਫ਼ਾਰਮ ਨੰ: ੪੦੧—ਸਾਢੇ ੨੬ ਸਾਲਾ ਸਿੰਘ, ਕੱਦ ੫'-੬''. ਬੀ.ਐਸ.ਸੀ. ਮੈਡੀਕਲ, ਡੀ ਐਚ-ਐਮ.ਐਸ. ਹੋਮਿਉਪੈਥਕ ਡਾਕਟਰੀ ਦੁਕਾਨ, ਮਾਸਕ ਆਮਦਨ ੨੧੦੦/-, ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ।

ਫ਼ਾਰਮ ਨੰ: ੪੦੨—ਸਾਢੇ ੨੬ ਸਾਲਾ ਸਿੰਘ, ਕੱਦ ੫'-੭.੫'',ਐਮ.ਐਸ.ਸੀ. ਫ਼ਾਈਨਲ ਚਿ, ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ।

ਫ਼ਾਰਮ ਨੰ: ੪੦੩—੨੫ ਸਾਲਾ ਸਿੰਘ, ਕੱਦ ੫'-੬'' ਅੰਡਰ ਬੀ.ਏ. ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ।

ਫ਼ਾਰਮ ਨੰ: ੪੦੪—੨੨ ਸਾਲਾ ਬੀਬੀ, ਕੱਦ ੫'-੨'', ਬੀ.ਐਸ.ਸੀ. ਪ੍ਰਾਈਵੇਟ ਅਧਿਆਪਕ, ਮਾਸਕ ੫੦੦ ਰੁਪਏ, ਲਈ ਯੋਗ ਵਰ ਦੀ ਲੋੜ ।

ਫ਼ਾਰਮ ਨੰ: ੪੦੫—ਸਾਢੇ ੩੦ ਸਾਲਾ ਬੀਬੀ, ਕੱਦ ੫'-੧'', ਬੀ.ਏ. ਆਰਟਸ, ਬੈਂਕ ਮੁਲਾਜ਼ਮ, ਮਾਸਕ ੩੦੦੦/- ਲਈ ਯੋਗ ਵਰ ਦੀ ਲੋੜ ।

ਫ਼ਾਰਮ ਨੰ: ੪੦੬—੨੫ ਸਾਲਾ ਸਿੰਘ, ਕੱਦ ੫'-੬'', ਸਤਵੀਂ ਪਾਸ, ਵਰਕਸ਼ਾਪ ਮਕੈਨਿਕ, ਮਾਸਕ ਇਕ ਹਜ਼ਾਰ, ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ ।

ਫ਼ਾਰਮ ਨੰ: ੪੦੭—੨੧ ਸਾਲਾ ਬੀਬੀ, ਕੱਦ ੫'-੩'', ਬੀ.ਕਾਮ, ਕੀਰਤਨੀ, ੧੨ ਬਾਣੀਆਂ ਕੰਠ ਹਨ, ਪੇਂਟਰ, ਸਤਾਰ-ਵਾਦਕ, ਲਈ ਯੋਗ ਵਰ ਦੀ ਲੋੜ ।

ਫ਼ਾਰਮ ਨੰ: ੪੦੮--ਸਾਢੇ ੨੪ ਸਾਲਾ ਬੀਬੀ, ਕੱਦ ੫'-੩'' ਐਮ.ਏ. ਪੰਜਾਬੀ, ਸਿਲਾਈ ਕਢਾਈ ਆਈ.ਟੀ.ਆਈ. ਕੋਰਸ ਪਾਸ, ਲਈ ਯੋਗ ਵਰ ਦੀ ਲੋੜ ।

ਫ਼ਾਰਮ ਨੰ: ੪੦੯—੨੮ ਸਾਲਾ ਬੀਬੀ, ਕੱਦ ੫'-੬''. ਬੀ.ਏ.. ਬੀ.ਐਡ. ਕਰ ਰਹੀ ਹੈ ਅਤੇ ਆਪਣਾ ਸਕੂਲ ਚਲਾ ਰਹੀ, ਮਾਸਿਕ ੩੦੦੦/-, ਲਈ ਯੋਗ ਵਰ ਦੀ ਲੋੜ ।

ਫ਼ਾਰਮ ਨੰ: ੪੧੦—੨੬ ਸਾਲਾ ਨਿਤਨੇਮੀ, ਕੀਰਤਨੀ ਬੀਬੀ, ਕੱਦ ੫'-੪'', ਬੀ.ਏ. ਪਾਰਟ I. ਪੰਜਾਬੀ ਟਾਈਪਿਸਟ ਤੇ ਅੰਗਰੇਜ਼ੀ ਸ਼ਾਰਟਹੈਂਡ ਟਾਈਪਿਸਟ, ਕੰਪਿਊਟਰ ਕੋਰਸ ਪਾਸ, ਲਈ ਤਿਆਰ-ਬਰ-ਤਿਆਰ ਪਰਵਾਰ ਵਿਚੋਂ ਵਰ ਦੀ ਲੋੜ ਹੈ।

ਫ਼ਾਰਮ ਨੰ: ੪੧੧—੩੦ ਸਾਲਾ ਸਿੰਘ, ਕੱਦ ੫'-੫'', ਬੀ.ਏ., ਪੋਸਟ ਗਰੈਜੂਏਟ ਡਿਪਲੋਮਾ ਪਾਸ, ਦੁਕਾਨ ਬਿਜਲੀ ਲਈ ਬੀ.ਏ. ਪਾਸ ਰਿਸ਼ਤੇ ਦੀ ਲੋੜ ਹੈ ।

---

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਗੁਪਤ ਸੇਵਾ | ੫੦੦-੦੦ | ਬੀ: ਮਨਮੋਹਨ ਕੌਰ ਲੰਮਿੰਗਟਨ ਯੂ.ਕੇ. | ੬੦੦-੦ |
| ਸ: ਜਗਤਾਰ ਸਿੰਘ ਡਰਬੀ ਯੂ.ਕੇ. | ੧੭੫-੦੦ | ਭਾ:ਜੋਗਿੰਦਰ ਸਿੰਘ ਮਜੀਠਾ (ਚੜ੍ਹਾਵਾ) ਸਮਾਗਮ | ੨੬੯-੫੫ |
| ਰਾਹੀਂ ਮਾਸਟਰ ਬਲਦੇਵ ਸਿੰਘ (ਚੜ੍ਹਾਵਾ) | ੪੮੯-੨੦ | ਸ: ਅਵਤਾਰ ਸਿੰਘ, ਮੁਰਸ਼ਿਦਾਬਾਦ | ੫੦੦-੦੦ |
| ਸ: ਤਾਰਾ ਸਿੰਘ ਹਰਭਜਨ ਸਿੰਘ, ਬੰਬਈ | ੨੦੦-੦੦ | ਗੁਪਤ ਸੇਵਾ | ੫੧-੦੦ |
| ਗੁਪਤ ਸੇਵਾ | ੫੧-੦੦ | ਸ: ਜੇ.ਪੀ. ਸਿੰਘ ਲੁਧਿਆਣਾ (ਮਾਤਾ ਅੰਮ੍ਰਿਤ ਕੌਰ ਦੀ ਯਾਦ) | ੫੧-੦੦ |
| ਭਾ: ਧਰਮ ਸਿੰਘ ਅੰਮ੍ਰਿਤਸਰ ਦੇ ਪ੍ਰਵਾਰ ਵਲੋਂ ਭਾਈ ਧਰਮ ਸਿੰਘ ਦੀ ਯਾਦ ਵਿਚ | ੫੭੪-੦੦ | ਭਾ: ਸੱਜਣ ਸਿੰਘ ਲੁਧਿਆਣੇ ਦੇ ਪਰਵਾਰ ਵਲੋਂ ਭਾਈ ਸੱਜਣ ਸਿੰਘ ਦੀ ਅੰਤਮ ਅਰਦਾਸ ਸਮੇਂ | ੧੦੧-੦੦ |

---

**ਯੂ.ਕੇ. ਵਿਖੇ ਮੋਖ ਰਹਿਤ ਪੁਸਤਕਾਂ**–ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਤੇ ਹੋਰ ਗੁਰਮਤੀ ਪੁਸਤਕਾਂ ਗੁਰਮੁਖੀ ਤੇ ਅੰਗਰੇਜ਼ੀ ਵਿਚ ਮੁਫ਼ਤ ਮੰਗਾਓ । ਡਾਕ ਖ਼ਰਚ ਪਹਿਲਾਂ ਭੇਜੋ ਜੀ—

**Bhai Madan Singh, II-Apollo Way, Perry Barrs, Birmingham 20-3ND (U.K.)**


www.AKJ.Org

# ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਸਮਾਗਮ

ਭਾਈ ਦੀਦਾਰ ਸਿੰਘ ਜਥੇਦਾਰ ਅਖੰਡ ਕੀਰਤਨੀ ਜਥਾ ਯੂ.ਕੇ. ਸੂਚਨਾ ਦੇਂਦੇ ਹਨ—

(1) 23-3-91 **ਕੀਰਤਨ ਰੈਣ ਸਬਾਈ** ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ੀਹੀ-ਵੇ, ਵੈਕਸਹੈਮ ਰੋਡ, ਸਲੌਅ ਵਿਖੇ **ਅਨੰਦ ਕਾਰਜ** ਬੀਬੀ ਜਸਪਾਲ ਕੌਰ ਪੁਤਰੀ ਭਾ: ਸੋਹਨ ਸਿੰਘ ਸਲੌਅ ਦਾ ਕਾਕਾ ਰਾਜਿੰਦਰ ਸਿੰਘ ਪੁਤਰ ਭਾ: ਭਜਨ ਸਿੰਘ ਡਰਬੀ ਨਾਲ। ਇਸੇ ਰਾਤ **ਅੰਮ੍ਰਿਤ ਸਿੰਚਾਰ** ਉਪਰੋਕਤ ਅਸਥਾਨ ਤੇ ਹੋ ਰਹੇ ਹਨ।

ਫ਼ੋਨ ਗੁਰਦਵਾਰਾ ਸਲੌਅ 0753-26828, ਭਾ: ਸੋਹਨ ਸਿੰਘ 0753-30624

(2) 30-3-91 ਸਵੇਰੇ ਭਾਈ ਬਖਸ਼ੀਸ਼ ਸਿੰਘ ਬਰਮਿੰਘਮ ਵਾਲੇ ਬੱਚੀ ਜਸਬੀਰ ਕੌਰ ਦਾ ਅਨੰਦ ਕਾਰਜ ਗੁਰਦਵਾਰਾ ਸ੍ਰੀ ਹਰਿ ਰਾਏ ਸਾਹਿਬ, ਹਾਈ ਸਟਰੀਟ,ਵੈਸਟ ਬ੍ਰਾਮਵਿਚ ਵਿਖੇ।

ਗੁਰਦਵਾਰਾ ਫ਼ੋਨ 021-565-1794, ਭਾ: ਬਖਸ਼ੀਸ਼ ਸਿੰਘ 021-558-6398.

(3) 5-5-91 ਅਖੰਡ ਕੀਰਤਨ ਜਥਾ ਯੂ.ਕੇ. ਦੇ ਨਵੇਂ ਸੇਵਾਦਾਰਾਂ ਦੀ ਚੋਣ ਗੁ: ਗੁਰੂ ਨਾਨਕ ਪ੍ਰਕਾਸ਼, ਹਰਨਾਲ ਲੇਨ, ਕੋਵੈਂਟਰੀ ਵਿਖੇ।

ਗੁਰਦਵਾਰਾ ਫ਼ੋਨ 0203-220960, ਭਾ:ਮਹਿੰਦਰ ਸਿੰਘ ਅਟਵਾਲ 0203-665293,ਭਾ: ਗਿਆਨ ਸਿੰਘ 081-984-1921

**ਯੂ.ਕੇ. ਵਿਚ ਆਪਣੇ ਬਕਾਏ ਤੇ ਚੰਦੇ ਜਮ੍ਹਾ ਕਰਾਉਣ ਦਾ ਪਤਾ** (ਫ਼ੋਨ 0734-67900)

Bhai Gurnam Singh, 10-Lambourne Gardens, Earley, Berks, U.K.

---

## ਸ਼ਹੀਦੀ ਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਗੁਪਤ ਸੇਵਾ ਬਟਾਲਾ | ੧੯੦੦-੦੦ | ਸ: ਛਹਿਬਰ ਸਿੰਘ ਦਿਲੀ | ੧੦੧-੦੦ |
| ਗੁਪਤ ਸੇਵਾ ਬਟਾਲਾ | ੧੧੦੦-੦੦ | ਸ: ਰਣਧੀਰ ਸਿੰਘ, ਧਨੌਲਾ | ੧੦੦-੦੦ |
| ਸਾਧਸੰਗਤ ਕੋਪਨ ਹੈਗਨ ਡੈਨਮਾਰਕ | ੪੯੫੧-੦੦ | ਕਾਕਾ ਹਰਸ਼ਰਨ ਸਿੰਘ, ਲੁਧਿਆਣਾ | ੧੦੦-੦੦ |
| ਸ: ਸ਼ਿੰਗਾਰਾ ਸਿੰਘ ਬਹੋਨਾ | ੧੫੦-੦੦ | ਗੁਪਤ ਸੇਵਾ | ੫੦੦੦-੦੦ |
| ਬੀਬੀ ਸੁਰਿੰਦਰ ਕੌਰ, ਨੀਦਰਲੈਂਡ | ੫੦੦੪-੦੦ | ਸ: ਅਵਤਾਰ ਸਿੰਘ, ਫਰੱਕਾ | ੫੦੦-੦੦ |
| ਸ: ਹਰਦਿਆਲ ਸਿੰਘ ਖਾਲਸਾ ਅੰਮ੍ਰਿਤਸਰ | ੨੦੦-੦੦ | ਬੀਬੀ ਬਲਵੰਤ ਕੌਰ, ਬੜਬਾਰ | ੧੦੦-੦੦ |
| ਬੀਬੀ ਪ੍ਰੀਤਮ ਕੌਰ, ਵੌਲਵਰਹੈਂਪਟਨ ਯੂ.ਕੇ. | ੩੪੫-੦੦ | ਸਾਧ ਸੰਗਤ ਹਬੇਲ ਬੰਗਲੌਰ | ੮੫੧-੦੦ |
| ਸ: ਮਹਿੰਦਰ ਪਾਲ ਸਿੰਘ, ਫਰੀਦਾਬਾਦ | ੧੦੦੦-੦੦ | ਗੁਪਤ ਸੇਵਾ | ੧੦੦-੦੦ |
| ਸਾਧ ਸੰਗਤ ਵਾਲਸਾਲ ਯੂ.ਕੇ. | ੮੮੧੦-੦੦ | ਬੀਬੀ ਆਗਿਆ ਕੌਰ, ਰਾਜਪੁਰ | ੧੦-੦੦ |
| ਸ: ਮਨਦੀਪ ਸਿੰਘ ਧਰਮਿੰਦਰ ਸਿੰਘ ਮਾਨਚੈਸਟਰ | ੨੦੫੦-੦੦ | ਗੁਪਤ ਸੇਵਾ | ੧੦੧-੦੦ |
| ਸ: ਹਰੀ ਸਿੰਘ ਚੰਨਾ, ਰੈਡਿੰਗ ਯੂ.ਕੇ. | ੩੮੦-੦੦ | ਗੁਪਤ ਸੇਵਾ | ੫੦੦-੦੦ |
| ਸ: ਦਿਆਲ ਸਿੰਘ ਸਾਊਥਹਾਲ ,, | ੧੪੮੦-੦੦ | ਭਾਈ ਹਰਜਿੰਦਰ ਸਿੰਘ | ੩੫੦-੦੦ |
| ਬੀਬੀ ਮਨਮੋਹਨ ਕੌਰ ਲਮਿੰਗਟਨ ,, | ੭੮੫੦-੦੦ | ਗੁਪਤ ਸੇਵਾ | ੫੦੦-੦੦ |
| ਸ: ਬਲਵੰਤ ਸਿੰਘ ਸ਼ੇਰਾ, ਮਾਨਚੈਸਟਰ ਯੂ.ਕੇ. | ੩੪੦-੦੦ | ਗੁਪਤ ਸੇਵਾ | ੨੦੦-੦੦ |
| ਸ: ਕੁਲਵੰਤ ਸਿੰਘ, ਨੌਟਿੰਘਮ ,, | ੩੪੧੦-੦੦ | ਗੁਪਤ ਸੇਵਾ | ੫੦੦-੦੦ |
| ਸ: ਜਰਨੈਲ ਸਿੰਘ ਬੀਬੀ ਗੁਰਮੇਜ ਕੌਰ ਰੈਡਿੰਗ | ੩੪੧੦-੦੦ | ਗੁਪਤ ਸੇਵਾ | ੪੫੦੫-੦੦ |
| ਸ: ਬਖਸ਼ੀਸ਼ ਸਿੰਘ, ਨੈਨੀਤਾਲ | ੧੦੦੦-੦੦ | ਭਾਈ ਹਰਜੀਤ ਸਿੰਘ ਜੀ | ੫੧-੦੦ |
| ਸ: ਨਾਨਕ ਸਿੰਘ ਪੂਨਾ | ੨੧੫੦-੦੦ | ਭਾਈ ਨਿਕਾ ਸਿੰਘ, ਕੌਕਰੀ ਫੂਲਾ ਸਿੰਘ | ੨੫੦-੦੦ |
| ਗੁਪਤ ਸੇਵਾ | ੫੦੦-੦੦ | | |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਸੁਤਜੀਤ ਕੌਰ ਮਾਤਾ ਸ਼ਹੀਦ ਜਸਵੰਤ ਸਿੰਘ ਸ਼ਰੀਫਪੁਰਾ ਅੰਮ੍ਰਿਤਸਰ— ਪੁਤਰ ਸ਼ਹੀਦ, ਘਰੇਲੂ ਲੋੜਾਂ | ੭੦੦੦-੦੦ |
| ਬੀ: ਜੁਗਿੰਦਰ ਕੌਰ ਮਾਤਾ ਸ਼ਹੀਦ ਇਕਬਾਲ ਸਿੰਘ ਰਾਇਪੁਰ ਕਲਾਂ (ਅੰਮ੍ਰਿਤਸਰ)—ਪੁਤਰ ਸ਼ਹੀਦ ਘਰੇਲੂ ਲੋੜਾਂ | ੫੦੦੦-੦੦ |
| ਬੀ: ਨਰਿੰਦਰ ਕੌਰ ਪਤਨੀ ਸ਼ਹੀਦ ਗੁਰਨਾਮ ਸਿੰਘ ਭਲਵਾਨ ਮਰਗਿੰਦਪੁਰ—ਪਤੀ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਦਵਿੰਦਰ ਕੌਰ ਪਤਨੀ ਸ਼ਹੀਦ ਲਾਭ ਸਿੰਘ ਪੰਜਵੜ—ਪਤੀ ਸ਼ਹੀਦ, ਘਰੇਲੂ ਲੋੜਾਂ | ੨੦੦੦-੦੦ |
| ਭਾਈ ਜਰਨੈਲ ਸਿੰਘ ਅੰਮ੍ਰਿਤਸਰ—ਪੁਲਸ ਤਸ਼ੱਦਦ ਕਾਰਨ ਸਰੀਰ ਨਕਾਰਾ, ਇਲਾਜ ਲਈ | ੧੦੦੦-੦੦ |
| ਬੀ:ਹਰਜੀਤਕੌਰ ਪਤਨੀ ਭਾ:ਬਲਵਿੰਦਰਸਿੰਘ ਪਿੰਡ ਰਿਖੀਆਂ—ਪਤੀ ਜੇਲ੍ਹ, ਫੌਜੀ ਕੋਰਟ ਤੋਂ ਸਜ਼ਾ ਫਾਂਸੀ,ਘਰੇਲੂ ਲੋੜਾਂ | ੧੦੦੦੦-੦੦ |
| ਬੀ: ਰਣਜੀਤ ਕੌਰ ਪਤਨੀ ਭਾ: ਪਿਆਰਾ ਸਿੰਘ ਬਟਾਲਾ —ਪਤੀ ਲਾ-ਪਤਾ, ਘਰੇਲੂ ਲੋੜਾਂ | ੫੦੦੦-੦੦ |
| ਬੀ: ਮਨਜੀਤ ਕੌਰ ਪਤਨੀ ਸ਼ਹੀਦ ਗੁਰਨਾਮ ਸਿੰਘ ਦੌਲਤਪੁਰ (ਗੁਰਦਾਸਪੁਰ)—ਪਤੀ ਸ਼ਹੀਦ, ੬ ਬਚੇ, ਘਰੇਲੂ ਲੋੜਾਂ | ੫੦੦੦-੦੦ |
| ਬੀ: ਜੁਗਿੰਦਰ ਕੌਰ ਮਾਤਾ ਸ਼ਹੀਦ ਸੁਰਿੰਦਰ ਸਿੰਘ ਭੌਲੇ ਕੇ (ਗੁਰਦਾਸਪੁਰ)—ਪੁਤਰੀ ਦੇ ਅਨੰਦ ਲਈ | ੫੦੦੦-੦੦ |

**ਸੋਧ ਲਵੋ ਜੀ**—ਸੂਰਾ ਫਰਵਰੀ ਵਿਚ ਸ: ਕਿਸ਼ਨ ਸਿੰਘ ਕਵੈਤ ਵਾਲੇ ਨੂੰ ੨੦੦੦/- ਦਿਤੀ ਸਹਾਇਤਾ, ਗਲਤੀ ਨਾਲ ਪੁਜੀ ਸਹਾਇਤਾ ਵਿਚ ਛਪ ਗਈ ਹੈ।

www.AKJ.Org

## ਅੰਮ੍ਰਿਤਸਰ ਵਿਚ ਸਾਲਾਨਾ ਵੈਸਾਖੀ ਸਮਾਗਮ ਗੁ: ਸ਼ਹੀਦਗੰਜ ਬੀ ਬਲਾਕ ਵਿਖੇ

੧੨ ਤੋਂ ੧੫ ਅਪ੍ਰੈਲ ਸਵੇਰ ਤਕ—ਵੇਰਵਾ ਪ੍ਰੋਗਰਾਮ ਆਉਂਦੇ 'ਸੂਰਾ' ਵਿਚ

## ਨਾਰੰਗਵਾਲ ਭਾਈ ਸਾਹਿਬ ਦੇ ਜਨਮ ਦਿਨ ਦਾ ਸਮਾਗਮ ੯ ਤੋਂ ੧੨ ਮਈ, ਵੇਰਵਾ ਅਪ੍ਰੈਲ ਸੂਰਾ ਵਿਚ

## ਕੀਰਤਨੀ ਲਾਲਾਂ ਦੀ ਸਾਲਾਨਾ ਯਾਦ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਅਖੰਡਪਾਠ ਤੇ ਕੀਰਤਨ

ਵੀਰ ਸੂਰਤ ਸਿੰਘ ਪੂਰਨ ਜੀ ਤੇ ਬੀਬੀ ਭੂਪਿੰਦਰ ਕੌਰ ਦੇ ਨੌਨਿਹਾਲਾਂ ਵੀਰਿੰਦਰ ਸਿੰਘ ਤੇ ਰੂਪਿੰਦਰ ਸਿੰਘ ਦੀ ਯਾਦ ਵਿਚ ੩੧-੩-੯੧ ਐਤਵਾਰ ਸਵੇਰੇ ੬ ਤੋਂ ੧੧ ਤਕ ਅਖੰਡ ਕੀਰਤਨ ਅਤੇ ੧ ਤੋਂ ੩ ਅਪ੍ਰੈਲ ਸ੍ਰੀ ਅਖੰਡਪਾਠ ੧੯੫-ਅਜੀਤ ਨਗਰ ਵਿਖੇ। ੫ ਤੋਂ ੭ ਅਪ੍ਰੈਲ ਸ੍ਰੀ ਅਖੰਡਪਾਠ, ਉਪਰੰਤ ੬ ਤੋਂ ੧੧ ਤਕ ਅਖੰਡ ਕੀਰਤਨ ੩੭ ਬ੍ਰਹਮ ਬੂਟਾ ਮਾਰਕੀਟ ਵਿਖੇ ਆਇ ਜੁੜੋ ਜੀ।

## ਨੈਨੋਕੋਟ ਨੇੜੇ ਕਾਹਨੂੰਵਾਨ ਭਾ: ਜੋਗਿੰਦਰ ਸਿੰਘ ਦੇ, ਭੋਗ ਅਖੰਡਪਾਠ ਉਪਰੰਤ ਕੀਰਤਨ ੩੧ ਮਾਰਚ

## ਪਿੰਡ ਡੱਗੋ ਰੁਮਾਣਾ (ਫਰੀਦਕੋਟ) ਵਿਖੇ ਅਖੰਡਪਾਠ, ਰੈਣ ਸਬਾਈ ਅਤੇ ਅੰਮ੍ਰਿਤ ਸਿੰਚਾਰ

੩੦-੩-੯੧ ਸਵੇਰੇ ਭੋਗ ਸ੍ਰੀ ਅਖੰਡਪਾਠ, ਰਾਤ ਨੂੰ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ (ਕੰਮੇਆਣਾ ਗੇਟ ਤੇ ਟੈਂਪੂ ਆਦਿ)।

## ਯਮੁਨਾ ਨਗਰ, ਜਗਾਧਰੀ ਰੋਡ, ਭਾਟੀਆ ਹਾਰਡ ਵੈਅਰ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਭਾ: ਦਲਜੀਤ ਸਿੰਘ ੩੭੧—ਵੈਸਟ ਭਾਟੀਆ ਨਗਰ ਵਿਖੇ ੧੭-੩-੯੧ ਨੂੰ ਸਵੇਰੇ ਭੋਗ ਤੇ ਅਖੰਡ ਕੀਰਤਨ ਦੁਪਹਿਰ ਤਕ।

## ਮਕਸੂਦਾਂ (ਜਲੰਧਰ) ਗੁ: ਸਿੰਘ ਸਭਾ ਵਿਖੇ ੩੦ ਮਾਰਚ ਨੂੰ ਰੈਣ ਸਬਾਈ ਕੀਰਤਨ, ਆਇ ਜੁੜੋ ਜੀ

## ਉਦੋਨੰਗਲ (ਨੇੜੇ ਮਹਿਤਾ) ਭਾ: ਨਿਰਮਲਬੀਰ ਸਿੰਘ ਦੇ ਗ੍ਰਿਹਿ ੧੬ ਮਾਰਚ ਸਵੇਰੇ ਭੋਗ ਅਖੰਡਪਾਠ

ਉਪਰੰਤ ਕੀਰਤਨ, ਰੈਣ ਸਬਾਈ। ਅੰਮ੍ਰਿਤਸਰ ਅਜੀਤ ਨਗਰ ਤੋਂ ਬਸ ਸ਼ਾਮ ੫-੩੦ ਚਲੇਗੀ।

## ਬਾਬਾ ਬਕਾਲਾ ਗੁ: ਮਾਤਾ ਗੰਗਾ ਜੀ ਵਿਖੇ ੨੩ ਮਾਰਚ ਸਵੇਰੇ ਅਖੰਡਪਾਠ ਭੋਗ ਕੀਰਤਨ ਰੈਣ ਸਬਾਈ

## ਮਾਸਕ ਰੈਣ ਸਬਾਈ ਕੀਰਤਨ ੯ ਮਾਰਚ, ਗ੍ਰਿਹਿ ਭਾ: ਅਮਰ ਸਿੰਘ, ਝਾਂਡੇ (ਲੁਧਿਆਣਾ)

## ਸ਼ਹੀਦ ਕੇਵਲ ਸਿੰਘ ਯਾਦ ਵਿ ਰੈਣ ਸਬਾਈ ੨੩ ਮਾਰਚ ਗੁ: ਸਿੰਘ ਸਭਾ, ਰੇਲਵੇ ਰੋਡ ਹੁਸ਼ਿਆਰਪੁਰ

## ਸ਼ਹੀਦ ਅਵਤਾਰ ਸਿੰਘ ਦੀ ਯਾਦ ਵਿਚ ਕੁਰਾਲਾ(ਟਾਂਡਾਉਰਮੁੜ ਰਸਤੇ)(ਹੁਸ਼ਿਆਰਪੁਰ)ਵਿਖੇ ਸਮਾਗਮ

੬ ਅਪ੍ਰੈਲ ਸਵੇਰੇ ਭੋਗ ਅਖੰਡਪਾਠ, ਰਾਤ ਨੂੰ ਰੈਣ ਸਬਾਈ ਕੀਰਤਨ ਪਰਵਾਰ ਵਲੋਂ।

## ਕੁਰਾਲੀ ਗੁ: ਸ੍ਰੀ ਹਰਿਗੋਬਿੰਦ ਗੜ੍ਹ, ਮੁਰਿੰਡਾ ਰੋਡ ਵਿਖੇ ਰੈਣ ਸਬਾਈ ਕੀਰਤਨ

੩੦ ਮਾਰਚ ਸਵੇਰੇ ਭੋਗ ਅਖੰਡਪਾਠ ਉਪਰੰਤ ਕੀਰਤਨ, ਰਾਤ ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ।

## ਘਨੌਰ (ਪਟਿਆਲਾ) ਗ੍ਰਿਹਿ ਭਾ: ਪਿਆਰਾ ਸਿੰਘ ਵਿਖੇ ਅਖੰਡਪਾਠ ਅਤੇ ਰੈਣ ਸਬਾਈ ਕੀਰਤਨ

੯ ਮਾਰਚ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਕੀਰਤਨ, ਰਾਤ ਰੈਣ ਸਬਾਈ ਗੁ: ਸਿੰਘ ਸਭਾ ਵਿਖੇ।

## ਰਾਅਪੁਰ ਨੇੜੇ ਟਾਂਡਾ (ਹੁਸ਼ਿਆਰਪੁਰ) ਗ੍ਰਿਹਿ ਭਾ: ਮਹਿੰਦਰ ਸਿੰਘ ੩੦ ਮਾਰਚ ਰੈਣ ਸਬਾਈ ਕੀਰਤਨ

## ਗੁ: ਗਰਨਾ ਸਾਹਿਬ ਵਿਖੇ (ਟਾਂਡਾ-ਦਸੂਹਾ ਵਿਚਕਾਰ) ੨੩ ਮਾਰਚ ਰੈਣ ਸਬਾਈ ਕੀਰਤਨ



www.AKJ.org